ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

Vol 18 *Issue 173 | Tuesday, September 10, 2019 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWS | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

TOP 4% TREB REALTOR 2018
Buy With $0 Down Program
RESIDENTIAL-COMMERCIAL-INVESTMENT
SELL YOUR HOUSE
Quick & For Top $$$$
GO WITH PRO SELLING GTA FOR 5 YEARS
Hardeep Sivia Broker
647-970-7374
www.HardeepSivia.com

# ਕਿਊਬਿਕ ਤੇ ਓਨਟਾਰੀਓ ਤੋਂ ਲਾਂਚ ਕਰਨਾ ਚਾਹੁੰਦੇ ਹਨ ਕੰਜ਼ਰਵੇਟਿਵ ਆਪਣੀ ਚੋਣ ਕੈਂਪੇਨ



ਓਟਵਾ, 9 ਸਤੰਬਰ (ਪੋਸਟ ਬਿਊਰੋ) : ਕੰਜ਼ਰਵੇਟਿਵ ਪਾਰਟੀ ਵੱਲੋਂ 21 ਅਕਤੂਬਰ ਨੂੰ ਹੋਣ ਜਾ ਰਹੀਆਂ ਚੋਣਾਂ ਤੋਂ ਪਹਿਲਾਂ ਬੁੱਧਵਾਰ ਨੂੰ ਚੋਣ ਕੈਂਪੇਨ ਤਹਿਤ ਉਨ੍ਹਾਂ ਥਾਂਵਾਂ ਉੱਤੇ ਦੋ ਈਵੈਂਟਸ ਕਰਵਾਏ ਜਾ ਰਹੇ ਹਨ ਜਿੱਥੇ ਪਾਰਟੀ ਆਪਣਾ ਸਮਰਥਨ ਵਧਾਉਣਾ ਚਾਹੁੰਦੀ ਹੈ।

ਕੰਜ਼ਰਵੇਟਿਵ ਆਗੂ ਐਂਡਰਿਊ ਸ਼ੀਅਰ ਆਪਣੀ ਚੋਣ ਕੈਂਪੇਨ ਦੀ ਸ਼ੁਰੂਆਤ ਟਰੌਇਸ-ਰਿਵੀਅਰਜ਼, ਕਿਊਬਿਕ ਤੋਂ ਕਰਨਗੇ। ਇਹ ਕਿਊਬਿਕ ਦੇ ਉਨ੍ਹਾਂ ਕਈ ਹਲਕਿਆਂ ਵਿੱਚੋਂ ਇੱਕ ਹੈ ਜਿੱਥੇ ਪਾਰਟੀ ਨੇ ਕਦੇ ਕੋਈ ਸੀਟ ਨਹੀਂ ਜਿੱਤੀ ਪਰ ਹੁਣ ਪਾਰਟੀ ਇੱਧਰ ਉਚੇਚਾ ਧਿਆਨ ਦੇਣਾ ਚਾਹੁੰਦੀ ਹੈ। ਇਸ ਤੋਂ ਬਾਅਦ ਸ਼ੀਅਰ ਟੋਰਾਂਟੋ ਏਰੀਆ ਵਿੱਚ ਕੈਂਪੇਨ ਲਾਂਚ ਕਰਨ ਵੱਲ ਵੱਧਣਗੇ। ਇੱਥੇ ਉਹ ਆਪਣਾ ਸਾਰਾ ਧਿਆਨ 2015 ਦੀਆਂ ਚੋਣਾਂ ਵਿੱਚ ਕਾਇਮ ਕੀਤੇ ਗਏ ਨਵੇਂ ਵਾਅਨ-ਵੁੱਡਬ੍ਰਿੱਜ ਹਲਕੇ ਉੱਤੇ ਲਾਉਣਾ ਚਾਹੁਣਗੇ। 2015 ਵਿੱਚ ਇਸ ਸੀਟ ਉੱਤੇ ਲਿਬਰਲਾਂ ਨੇ ਕਬਜਾ ਕੀਤਾ ਸੀ। ਭੂਗੋਲਿਕ ਪੱਖੋਂ ਇਸ ਇਲਾਕੇ ਦੀ ਨੁਮਾਇੰਦਗੀ ਪਹਿਲਾਂ ਕੰਜ਼ਰਵੇਟਿਵ ਆਗੂ ਤੇ ਟੋਰਾਂਟੋ ਦੇ ਸਾਬਕਾ ਕੌਂਪ ਜੂਲੀਅਨ ਫੈਨਟੀਨੋ ਵੱਲੋਂ ਕੀਤੀ ਜਾ ਰਹੀ ਸੀ। ...ਬਾਕੀ ਪੰਨਾ 3 'ਤੇ

# ਤਬਲਾਵਾਦਕ ਜਸਵਿੰਦਰ ਸਿੰਘ ਰੈਕਸਡੇਲ ਗੁਰੂਘਰ ਤੋਂ ਲਾਪਤਾ



ਟੋਰਾਂਟੋ, 9 ਸਤੰਬਰ (ਪੋਸਟ ਬਿਊਰੋ)- ਤਰਨਤਾਰਨ ਸਾਹਿਬ ਦੇ ਮਸ਼ਹੂਰ ਭਾਈ ਗੁਰਮੁਖ ਸਿੰਘ ਦੇ ਰਾਗੀ ਜਥੇ ਨਾਲ ਤਬਲਾਵਾਦਕ ਦੇ ਤੌਰ ਉਤੇ ਕੈਨੇਡਾ ਵਿਚ ਆਏ ਜਸਵਿੰਦਰ ਸਿੰਘ ਅੱਜ ਕੱਲ੍ਹ ਸਿੱਖ ਸਪਿਰਚੂਅਲ ਸੈਂਟਰ ਤੋਂ ਲਾਪਤਾ ਹਨ। ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਵੀ ਮੁਲਾਜ਼ਮ ਹਨ। ਗੁਰੂ ਘਰ ਦੇ ਪ੍ਰਬੰਧਕਾਂ ਨੇ ਦੱਸਿਆ ਕਿ ਕੁੱਝ ਸਮਾਂ ਪਹਿਲਾਂ ਇਹ ਰਾਗੀ ਜਥਾ ਗੁਰੂ ਘਰ ਲਈ ਕੀਰਤਨ ਕਰਨ ਲਈ ਬੁਲਾਇਆ ਗਿਆ ਸੀ। ਪਰ ਇਸ ਜਥੇ ਦੇ ਤਬਲਾਵਾਦਕ ਜਸਵਿੰਦਰ ਸਿੰਘ ਕੁੱਝ ਦਿਨਾਂ ਤੋਂ ਲਾਪਤਾ ਹਨ। ਇਹ ਵੀ ਪਤਾ ਲੱਗਿਆ ਹੈ ਕਿ ਜਸਵਿੰਦਰ ਸਿੰਘ ਦੀ ਜਿਥੇ ਪੁਲਸ ਰਿਪੋਰਟ ਲਿਖਵਾਈ ਜਾ ਰਹੀ ਹੈ, ਉਥੇ ਹੀ ਇਮੀਗ੍ਰੇਸ਼ਨ ਵਿਭਾਗ ਨੂੰ ਵੀ ਸੂਚਿਤ ਕੀਤਾ ਜਾਵੇਗਾ। ਟੋਰਾਂਟੋ ਵਿਚ ਲਗਭਗ ਹਰ ਮਹੀਨੇ ਕਿਸੇ ਨਾ ਕਿਸੇ ਰਾਗੀ ਜਥੇ ਨਾਲ ਆਏ ਵਿਅਕਤੀ ਦੇ ਫਰਾਰ ਹੋਣ ਦੀਆਂ ਖ਼ਬਰਾਂ ਆਉਂਦੀਆਂ ਰਹਿੰਦੀਆਂ ਹਨ। ਇਸ ਤੋਂ ਪਹਿਲਾਂ ਇਕ ਗੁਰੂ ਘਰ ਵਲੋਂ ਗੁਰੂ ਘਰ ਦੇ ਘਾਟੇ ਪੂਰੇ ਕਰਨ ਲਈ ਵੱਡੀ ਰਕਮ ਲੈ ਕੇ ਰਾਗੀ ਜਥਿਆਂ ਦੇ ਤੌਰ 'ਤੇ ਕੁੱਝ ਲੋਕਾਂ ਨੂੰ ਮੰਗਵਾਇਆ ਗਿਆ, ਜੋ ਕਦੇ ਵੀ ਵਾਪਸ ਪੰਜਾਬ ਨਹੀਂ ਪਰਤੇ। ਇਥੇ ਦੱਸਣਯੋਗ ਬਣਦਾ ਹੈ ਕਿ ਅਜਿਹੇ ਲੋਕਾਂ ਵਲੋਂ ਕੀਤੇ ਗਏ ਰਿਫਿਊਜ਼ੀ ਕਲੇਮ ਬਹੁਤ ਘੱਟ ਹੀ ਕਾਮਯਾਬ ਹੁੰਦੇ ਹਨ, ਕਿਉਂਕਿ ਭਾਰਤ ਨੂੰ ਕੈਨੇਡਾ ਇਸ ਸਮੇਂ ਸੁਰੱਖਿਅਤ ਮੁਲਕ ਮੰਨਦਾ ਹੈ।

# ਮਾਲਟਨ ਨਗਰ ਕੀਰਤਨ ਦੌਰਾਨ ਪੰਜਾਬ ਦੇ ਹੜ੍ਹ ਪੀੜਤ ਲੋਕਾਂ ਲਈ ਵੱਡੀ ਰਕਮ ਇਕੱਤਰ



ਫੋਟੋ: ਕੰਵਲਜੀਤ ਕੰਵਲ

ਮਾਲਟਨ, 9 ਸਤੰਬਰ (ਪੋਸਟ ਬਿਊਰੋ)- ਬੀਤੇ ਐਤਵਾਰ ਸ਼੍ਰੀ ਗੁਰੂ ਸਿੰਘ ਸਭਾ ਮਾਲਟਨ ਗੁਰੂ ਘਰ ਵਲੋਂ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਨਗਰ ਕੀਰਤਨ ਦਾ ਆਯੋਜਨ ਕੀਤਾ ਗਿਆ। ਇਸ ਨਗਰ ਕੀਰਤਨ 'ਚ ਓਂਟਾਰੀਓ ਦੇ ਵੱਖ-ਵੱਖ ਹਿੱਸਿਆਂ ਵਿਚੋਂ ਸੰਗਤਾਂ ਨੇ ਹੁੰਮ-ਹੁੰਮਾ ਕੇ ਹਿੱਸਾ ਲਿਆ। ਲੋਕਲ, ਸੂਬਾਈ ਤੇ ਫੈਡਰਲ ਪੱਧਰ 'ਤੇ ਵੱਖ-ਵੱਖ ਸਿਆਸੀ ਆਗੂਆਂ ਨੇ ਇਸ ਨਗਰ ਕੀਰਤਨ ਵਿਚ ਹਾਜਰੀ ਲਗਵਾਈ ਤੇ ਸੰਗਤਾਂ ਨੂੰ ਸੰਬੋਧਨ ਕੀਤਾ। ਇਹ ਨਗਰ ਕੀਰਤਨ ਜਿਥੇ ਸਾਹਿਬ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੀ ਇਸ ਦੇ ਨਾਲ ਹੀ ਸਾਹਿਬ ਸ਼੍ਰੀ ਗੁਰੂ ਨਾਨਕ ਦੇਵ ਜੀ ਦਾ 550ਵਾਂ ਪ੍ਰਕਾਸ਼ ਦਿਹਾੜਾ ਵੀ ਮਨਾਇਆ ਗਿਆ। ਇਸ ਦੌਰਾਨ ਬਾਬਾ ਬੰਤਾ ਸਿੰਘ ਜੀ ਮੁੰਡਾ ਪਿੰਡ ਵਾਲਿਆਂ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ...ਬਾਕੀ ਪੰਨਾ 6 'ਤੇ

PUNJABI POST
NOW HIRING!
SALES EXECUTIVES
Salary + Commison, Potential to earn $50,000/Year, Must have Own Car, Fluent in English & Punjabi.
Send your resume at: balwinder@punjabipost.ca
Call Punjabi Post: 905.793.2202

Best Insurance Rates
Auto Home Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Address: 1550 South Gateway Rd. Suite 220 Mississauga, ON L4W 5G6

ALLKIND INSURANCE — NOW HIRING !!!
SUPER VISA INSURANCE
VISITOR INSURANCE
LIFE INSURANCE • MORTGAGE INSURANCE • CRITICAL ILLNESS INS • DISABILITY INSURANCE • TRAVEL INS • FUNERAL INSURANCE • RESP & TFSA & RRSP
SIMRAN SAINI 416.994.7272
www.allkindinsurance.com

HELPING YOUR PLAN TODAY......FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton,ON,L6X0T9

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

JOSHI LAW OFFICE
Barrister, Solicitor & Notary Public
info@joshilawoffice.com | joshilawoffice.com
Immigration
Real Estate / Commercial Law
Affidavit / Power of Attorney
6921 Steels Ave. W. Unit 11, Etobicoke, ON
Rakesh M. Joshi B.A., LL.B 416-213-8600

AUTO & HOME INSURANCE
Super visa Insurance
Life & Disability
Critical illness
RESP
Visitor & Travel insurance
All Care Insurance Inc. (416-845-1352) Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
4515 Ebenezer Rd, Suite 211, Brampton, Ontario L6P2K7
Open Saturday
Providing excellent quality legal services to our clients

GOEL TRAVEL
Low Rates Best Service
ਸਸਤੀਆਂ ਹਵਾਈ ਟਿਕਟਾਂ ਅਤੇ ਵਧੀਆ ਸਰਵਿਸ ਲਈ ਇੱਕ ਵਾਰੀ ਕਾਲ ਜਰੂਰ ਕਰੋ
ਗੋਇਲ ਟਰੈਵਲ
905.796.7500
900 Raylawson Blvd. Unit # 6, Brampton

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਿਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Super Visa Insurance
Visitor Visa Insurance
Travel Insurance
Student Insurance
New Immigrant 90 Days Med. Insurance
Punjab Insurance Inc
www.punjabinsurance.com
Sherjang Singh Rana 416.910.9000 rana@punjabinsurance.ca
10-7003 Steeles Ave. West, Etobicoke, ON M9W 0A2
Harpreet Rana 416.871.3571 harpreetrana@punjabinsurance.ca

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Inc. Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax: 905-216-0392

ਨਵਾਂ ਘਾਹ ਲਵਾਉ
647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੈਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps • Cockroaches • Carpenter Ants • Silver Fish • Racoons
Call : PARESH PATEL
416 938 4598

KELLEY LAW OFFICE
Immigration • Real Estate • Family Law • Business Closing • Corporate • Wills & Estate • Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

INSURANCE
Auto | Home | Business | Trucking | Life
Best rates & Best Coverage
ਵਧੀਆ ਇੰਸ਼ੋਰੈਂਸ ਰੇਟਾਂ ਲਈ ਸੰਪਰਕ ਨੰਬਰ:
RAJESH SOOD (RAJ) CAIB (hons.), MBA (finance), RIBO
416-908-6237
Unit 1, 30 Topflight dr., Mississauga

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾਂ ਦਾ ਲਾਭ ਉਠਾਓ
Custom Kitchen Cabinets • Completly Furnished • Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

CN Forklift Training Center
Counterbalance • Walkie pallet Low Lift • Electric Motor Narrow Aisle Reach • Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
Protect yourself & your family from the Pests
AFFORDABLE & RELIABLE
KSG Pest Control Inc. 647.990.3205
www.ksgpestcontrol.ca ksgpestcontrol@gmail.com
Amarjeet Singh Gill Certified & Licenced Exterminator

MANN LAW FIRM
Real Estate Law • Business Law • Wills & Estates • Family Law • Power of Attorney • Civil Litigation • Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

# Dr. Randhawa Dentistry

*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜ਼ਰ ਨਹੀਂ ਆਉਂਦੀਆਂ
Show Your Smile More With Invisible Braces!

FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

Mayfield Rd
Mcvean Dr
Gore Rd
Squire Ellis Dr
DENTISTRY
Countryside Dr



APEX
CONCRETE & LANDSCAPE
RESIDENTIAL & COMMERCIAL

Add Value to your Home by Offering Beautiful High Quality Landscaping and Concrete Work at an Affordable Prize

FREE ESTIMATE
Limited Life Time Warranty

- STAMP CONCRETE
- PLAIN CONCRETE
- STEPS/SIDE ENTRANCE
- INTERLOCK
- LAND SCAPE
- SODING
- DRIVEWAY
- SIDEWALK
- PATIO

647-575-6102
Email: apexconstruc16@gmail.com

Laddi



You can
Place Your Business Here
To Reach Wider Audience
For more info Call 905-793-2202 or e-mail ads@punjabipost.ca



Check our Free E-paper
at: www.canadianpunjabipost.ca

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202



RPC
Royal Pizza & Curry Hut

11am - 11pm | 7 Days a Week
184 Main Street South,
Unit D., Brampton

$8.97 +Tax
X-Large (16") Fully Loaded Pizza *With 5 Toppings (Any)

WE SPECIALIZE IN VEGAN FOOD

UNDER $10 CURRIES WITH FREE NAAN
LOTS TO CHOOSE FROM

905-450-2777
647-906-3295

Kotakpura Aata Chicken
Get $5 Off with Special Coupon from PunjabiPost
Was $25 NOW $20



You can
Place Your Business Here
To Reach Wider Audience
For more info Call 905-793-2202 or e-mail ads@punjabipost.ca



Data everywhere.
No surprise charges anywhere.

NEW
NATION-WIDE. NO ZONES.
TALK, TEXT & DATA PLANS
$35/MO.

chatr
AUTHORIZED DEALER

379 Main St. North, Brampton, ON
905-451-0379
2456 Lake shore Blvd W., Etobicoke, ON

Taxes extra. Offer subject to change without notice. Get up to 1GB of data on the Talk, Text and Data Plan. Once you reach your 3G speed data allotment, your data speed will be reduced until your next anniversary date. ™ Trademarks used under license ©2019

## ਅੱਜ ਨਾਮਾ

ਗਈ ਜਦ ਵਾਪਰ ਬਟਾਲੇ ਦੇ ਵਿੱਚ ਘਟਨਾ,
ਗਿੜ ਪਈ ਪੁਲਸ ਪੰਜਾਬ ਦੀ ਉੱਠ ਮੀਆਂ।
ਹਰ ਕੋਈ ਫੈਕਟਰੀ ਸ਼ਹਿਰ ਦੀ ਫੋਲ ਮਾਰੀ,
ਨਹੀਂ ਕੋਈ ਛੱਡੀ ਹੈ ਕਿਸੇ ਦੀ ਗੁੱਠ ਮੀਆ।
ਫੜ ਕੇ ਉਹਨੂੰ ਵੀ ਤੋਰ ਲਿਆ ਜੇਲ੍ਹ ਵੰਨੀਂ,
ਮਿਲ ਗਈ ਜਿੱਥੋਂ ਪੋਟਾਸ਼ ਦੀ ਮੁੱਠ ਮੀਆਂ।
ਖਾਤਾ ਭਰਨ ਲਈ ਫੜ-ਫੜ ਚਲਾਣ ਕੀਤੇ,
ਕੋਈ ਨਾ ਵੇਖ ਰਿਹਾ ਸਿੱਧ ਜਾਂ ਪੁੱਠ ਮੀਆਂ।
ਦਸਹਿਰੇ ਤੀਕਰ ਮੁਹਿੰਮ ਇਹ ਜਾਊ ਚੱਲੀ,
ਕਰਨੀ ਪਿੱਛੋਂ ਨਹੀਂ ਕਿਸੇ ਪੜਤਾਲ ਮੀਆਂ।
ਆ ਗਈ ਨੇੜੇ ਦੀਵਾਲੀ, ਫਿਰ ਵੇਖ ਲੈਣਾ,
ਵਿਕਣਾ ਥਾਓਂ-ਥਾਂ ਫੇਰ ਇਹ ਮਾਲ ਮੀਆਂ।

ਤੀਸ ਮਾਰ ਖਾਂ

# ਪਾਇਲਟਾਂ ਦੀ ਹੜਤਾਲ ਕਾਰਨ ਬ੍ਰਿਟਿਸ਼ ਏਅਰਵੇਅਜ਼ ਨੇ ਰੱਦ ਕੀਤੀਆਂ ਸਾਰੀਆਂ ਉਡਾਨਾਂ




ਲੰਡਨ, 9 ਸਤੰਬਰ (ਪੋਸਟ ਬਿਊਰੋ) : ਬ੍ਰਿਟਿਸ਼ ਏਅਰਵੇਅਜ਼ ਏਅਰਲਾਈਨ ਨੇ ਸੋਮਵਾਰ ਨੂੰ ਆਖਿਆ ਕਿ ਉਹ ਅਗਲੇ 48 ਘੰਟਿਆਂ ਲਈ ਆਪਣੀਆਂ ਸਾਰੀਆਂ ਉਡਾਨਾਂ ਰੱਦ ਕਰ ਰਹੀ ਹੈ। ਤਨਖਾਹਾਂ ਵਿੱਚ ਵਾਧੇ ਨੂੰ ਲੈ ਕੇ ਪਾਇਲਟਾਂ ਵੱਲੋਂ ਕੀਤੀ ਗਈ ਹੜਤਾਲ ਦੇ ਮੱਦੇਨਜ਼ਰ ਇਹ ਫੈਸਲਾ ਕੀਤਾ ਗਿਆ ਹੈ। ਇਸ ਫੈਸਲੇ ਨਾਲ 195,000 ਯਾਤਰੀ ਪ੍ਰਭਾਵਿਤ ਹੋਣਗੇ।

ਯੂਕੇ ਦੀ ਮੁੱਖ ਏਅਰਲਾਈਨਜ਼ ਵੱਲੋਂ ਜਾਰੀ ਕੀਤੇ ਗਏ ਬਿਆਨ ਵਿੱਚ ਆਖਿਆ ਗਿਆ ਹੈ ਕਿ ਉਨ੍ਹਾਂ ਕੋਲ ਇਹ ਦੱਸਣ ਦਾ ਕੋਈ ਢੰਗ ਨਹੀਂ ਹੈ ਕਿ ਕਿੰਨੇ ਪਾਇਲਟ ਕੰਮ ਉੱਤੇ ਆਉਣਗੇ ਜਾਂ ਫਿਰ ਉਹ ਕਿਹੜੇ ਜਹਾਜ਼ ਉਡਾਉਣ ਦੀ ਯੋਗਤਾ ਰੱਖਦੇ ਹਨ। ਨਤੀਜੇ ਵਜੋਂ ਏਅਰਲਾਈਨਜ਼ ਨੇ ਆਖਿਆ ਕਿ ਉਨ੍ਹਾਂ ਕੋਲ ਸਾਰੀਆਂ ਉਡਾਨਾਂ ਹੜਤਾਲ ਵਾਲੇ ਅਰਸੇ ਦੌਰਾਨ ਰੱਦ ਕਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਸੀ।

ਬ੍ਰਟਿਸ਼ ਏਅਰਵੇਅਜ਼ ਦਾ ਕਹਿਣਾ ਹੈ ਕਿ ਉਹ ਪਾਇਲਟਾਂ ਦੀ ਯੂਨੀਅਨ (ਬਾਲਪਾ) ਨਾਲ ਮੁੜ ਗੱਲਬਾਤ ਕਰਨ ਲਈ ਤਿਆਰ ਹੈ। ਇਸ ਤੋਂ ਇਲਾਵਾ ਏਅਰਲਾਈਨਜ਼ ਨੇ ਇਹ ਵੀ ਆਖਿਆ ਹੈ ਕਿ ਉਹ ਆਪਣੇ ਕਸਟਮਰਜ਼ ਨੂੰ ਪੂਰੇ ਪੈਸੇ ਰਿਫੰਡ ਕਰਨ ਲਈ ਤਿਆਰ ਹਨ ਤੇ ਉਨ੍ਹਾਂ ਵੱਲੋਂ ਆਪਣੇ ਕਸਟਮਰਜ਼ ਲਈ ਦੁਬਾਰਾ ਬੁਕਿੰਗ ਦੀ ਪੇਸ਼ਕਸ਼ ਵੀ ਕੀਤੀ ਗਈ ਹੈ। ਏਅਰਲਾਈਨ ਵੱਲੋਂ ਇਸ ਹੜਤਾਲ ਲਈ ਕਈ ਹਫਤਿਆਂ ਤੋਂ ਤਿਆਰੀ ਕੀਤੀ ਜਾ ਰਹੀ ਸੀ ਤੇ ਉਨ੍ਹਾਂ ਆਪਣੇ ਕਸਟਮਰਜ਼ ਨੂੰ ਅਗਾਊਂ ਨੋਟਿਸ ਵੀ ਦਿੱਤਾ ਸੀ।

ਏਅਰਲਾਈਨ ਨੇ ਆਪਣੇ ਬਿਆਨ ਵਿੱਚ ਆਖਿਆ ਕਿ ਉਹ ਬਾਲਪਾ ਵੱਲੋਂ ਹੜਤਾਲ ਦੇ ਚੁੱਕੇ ਗਏ ਕਦਮ, ਪਾਇਲਟਜ਼ ਵਿੱਚ ਪਾਏ ਜਾਣ ਵਾਲੇ ਰੋਹ ਬਾਰੇ ਸਮਝਦੇ ਹਨ। ਪਰ ਏਅਰਲਾਈਨਜ਼ ਨੇ ਆਖਿਆ ਕਿ ਕਈ ਮਹੀਨਿਆਂ ਤੋਂ ਤਨਖਾਹ ਸਬੰਧੀ ਮੁੱਦੇ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਨ ਦੇ ਬਾਵਜੂਦ ਸਥਿਤੀ ਇੱਥੇ ਆ ਕੇ ਮੁੱਕੀ ਇਸ ਗੱਲ ਦਾ ਸਾਨੂੰ ਕਾਫੀ ਅਫਸੋਸ ਹੈ। ਬ੍ਰਿਟਿਸ਼ ਏਅਰਵੇਅਜ਼ ਨੇ ਆਖਿਆ ਕਿ ਉਨ੍ਹਾਂ ਪਾਇਲਟਾਂ ਨੂੰ ਤਿੰਨ ਸਾਲਾਂ ਦੇ ਅਰਸੇ ਵਿੱਚ ਤਨਖਾਹ ਵਿੱਚ 11.5 ਫੀ ਸਦੀ ਦੇ ਵਾਧੇ ਦੀ ਪੇਸ਼ਕਸ਼ ਕੀਤੀ ਸੀ ਪਰ ਯੂਨੀਅਨ ਦੇ ਮੈਂਬਰਾਂ ਦਾ ਕਹਿਣਾ ਹੈ ਕਿ ਉਹ ਕੰਪਨੀ ਦੇ ਪ੍ਰੌਫਿਟ ਵਿੱਚੋਂ ਵਧੇਰੇ ਹਿੱਸਾ ਚਾਹੁੰਦੇ ਹਨ।

# ਫਰੈਂਚ ਭਾਸ਼ਾ ਦੀ ਯੂਨੀਵਰਸਿਟੀ ਦੇ ਨਿਰਮਾਣ ਲਈ ਓਨਟਾਰੀਓ ਤੇ ਫੈਡਰਲ ਸਰਕਾਰਾਂ ਨੇ ਸਮਝੌਤੇ ਉੱਤੇ ਪਾਈ ਸਹੀ

ਟੋਰਾਂਟੋ, 9 ਸਤੰਬਰ (ਪੋਸਟ ਬਿਊਰੋ) : ਓਨਟਾਰੀਓ ਤੇ ਫੈਡਰਲ ਸਰਕਾਰ ਦਾ ਕਹਿਣਾ ਹੈ ਕਿ ਉਹ ਅਜਿਹੇ ਸਾਂਝੇ ਸਮਝੌਤੇ ਉੱਤੇ ਪਹੁੰਚ ਗਏ ਹਨ ਜਿਸ ਤਹਿਤ ਉਹ ਫਰੈਂਚ ਭਾਸ਼ਾ ਸਬੰਧੀ ਪ੍ਰਸਤਾਵਿਤ ਯੂਨੀਵਰਸਿਟੀ ਲਈ ਫੰਡ ਮੁਹੱਈਆ ਕਰਵਾਉਣਗੇ। ਇਸ ਤੋਂ ਪਹਿਲਾਂ ਪ੍ਰੀਮੀਅਰ ਡੱਗ ਫੋਰਡ ਸਰਕਾਰ ਵੱਲੋਂ ਇਸ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਗਿਆ ਸੀ।

ਸ਼ਨਿੱਚਰਵਾਰ ਨੂੰ ਦੋਵਾਂ ਸਰਕਾਰਾਂ ਨੇ ਇੱਕ ਬਿਆਨ ਜਾਰੀ ਕਰਕੇ ਆਖਿਆ ਕਿ ਉਨ੍ਹਾਂ ਵੱਲੋਂ ਇਸ ਬਾਬਤ ਮੈਮੋਰੰਡਮ ਆਫ ਅੰਡਰਸਟੈਂਡਿੰਗ (ਐਮਓਯੂ) ਵੀ ਸਾਈਨ ਕੀਤਾ ਗਿਆ ਹੈ। ਇਸ ਸਮਝੌਤੇ ਤੋਂ ਬਾਅਦ ਹੁਣ ਦੋਵੇਂ ਧਿਰਾਂ ਰਲ ਕੇ ਇਸ ਯੂਨੀਵਰਸਿਟੀ ਦੇ ਨਿਰਮਾਣ ਵਿੱਚ ਯੋਗਦਾਨ ਪਾਉਣਗੀਆਂ। ਐਮਓਯੂ ਵਿੱਚ ਆਖਿਆ ਗਿਆ ਹੈ ਕਿ ਇਸ ਪ੍ਰੋਜੈਕਟ ਲਈ ਫੈਡਰਲ ਸਰਕਾਰ ਦੀ ਹਿੱਸੇਦਾਰੀ ਓਨਟਾਰੀਓ ਸਰਕਾਰ ਵੱਲੋਂ ਖਰਚੀ ਜਾਣ ਵਾਲੀ ਰਕਮ ਦਾ 50 ਫੀ ਸਦੀ ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਹ ਵੀ ਆਖਿਆ ਗਿਆ ਹੈ ਕਿ ਫੰਡਾਂ ਦੇ ਵੇਰਵੇ ਤੇ ਸਮਾਂ ਸੀਮਾਂ ਤੈਅ ਕਰਨ ਲਈ ਇੱਕ ਸਾਂਝਾ ਵਰਕਿੰਗ ਗਰੁੱਪ ਕਾਇਮ ਕੀਤਾ ਜਾਵੇਗਾ।

ਇੱਥੇ ਦੱਸਣਾ ਬਣਦਾ ਹੈ ਕਿ ਪ੍ਰੋਵਿੰਸ਼ੀਅਲ ਟੋਰੀਜ਼ ਵੱਲੋਂ ਬਜਟ ਸੰਤੁਲਿਤ ਕਰਨ ਦੇ ਚੱਕਰ ਵਿੱਚ ਨਵੰਬਰ ਵਿੱਚ ਇਸ ਪ੍ਰੋਜੈਕਟ ਨੂੰ ਰੱਦ ਕਰ ਦਿੱਤਾ ਗਿਆ ਸੀ। ਪਰ ਇਸ ਨਾਲ ਓਨਟਾਰੀਓ ਵਿੱਚ ਰਹਿਣ ਵਾਲੇ ਫਰੈਂਚ ਭਾਸ਼ੀ ਕੈਨੇਡੀਅਨਾਂ ਵਿੱਚ ਕਾਫੀ ਰੋਹ ਜਾਗ ਗਿਆ ਸੀ ਤੇ ਉਨ੍ਹਾਂ ਉਸ ਸਮੇਂ ਸਰਕਾਰ ਦੇ ਉਸ ਫੈਸਲੇ ਦਾ ਵਿਰੋਧ ਵੀ ਕੀਤਾ ਸੀ। ਇਸ ਫੈਸਲੇ ਕਾਰਨ ਤੈਸ਼ ਵਿੱਚ ਆਈ ਤਤਕਾਲੀਨ ਟੋਰੀ ਵਿਧਾਇਕ ਅਮਾਂਡਾ ਸਿਮਾਰਡ ਨੇ ਤਾਂ ਪਾਰਟੀ ਕਾਕਸ ਛੱਡ ਦਿੱਤਾ ਸੀ ਤੇ ਆਜ਼ਾਦ ਉਮੀਦਵਾਰ ਵਜੋਂ ਬੈਠਣ ਦਾ ਫੈਸਲਾ ਕੀਤਾ ਸੀ।

ਪਰ ਪਿਛਲੇ ਹਫਤੇ ਫੋਰਡ ਦੀ ਅਗਵਾਈ ਵਾਲੀ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਨੇ ਇਹ ਐਲਾਨ ਕੀਤਾ ਸੀ ਕਿ 126 ਮਿਲੀਅਨ ਦੇ ਇਸ ਪ੍ਰੋਜੈਕਟ ਲਈ ਉਨ੍ਹਾਂ ਅੱਧਾ ਪੈਸਾ ਜੁਟਾ ਲਿਆ ਹੈ ਤੇ ਫਿਰ ਉਨ੍ਹਾਂ ਅੱਧੀ ਰਕਮ ਪਾਉਣ ਲਈ ਓਟਵਾ ਨੂੰ ਸੱਦਾ ਦਿੱਤਾ। ਇਹ ਯੂਨੀਵਰਸਿਟੀ ਦੱਖਣਪੱਛਮੀ ਓਨਟਾਰੀਓ ਵਿੱਚ ਸਥਿਤ ਹੋਣ ਦੀ ਸੰਭਾਵਨਾ ਹੈ। ਪ੍ਰੋਵਿੰਸ ਨੇ ਇਹ ਵੀ ਆਖਿਆ ਹੈ ਕਿ ਇਸ ਨੂੰ ਮੁਕੰਮਲ ਹੋਣ ਵਿੱਚ ਅੱਠ ਸਾਲ ਦਾ ਸਮਾਂ ਲੱਗ ਜਾਵੇਗਾ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047



# ਗ੍ਰਿਫ਼ਤਾਰੀ ਦੇ ਡਰ ਕਰਨ ਵਿਧਾਇਕ ਸਿਮਰਜੀਤ ਬੈਂਸ ਨੇ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਲਾਈ

## * ਅੰਤਰਿਮ ਰਾਹਤ ਦੀ ਮੰਗ ਅਦਾਲਤ ਨੇ ਨਹੀਂ ਮੰਨੀ * ਬੈਂਸ ਉੱਤੇ ਕੇਸ ਮੈਂ ਦਰਜ ਕਰਵਾਇਐ : ਕੈਪਟਨ



ਚੰਡੀਗੜ੍ਹ, 9 ਸਤੰਬਰ, (ਪੋਸਟ ਬਿਊਰੋ)- ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ (ਡੀ ਸੀ) ਦੇ ਨਾਲ ਬਦਸਲੂਕੀ ਦੇ ਦੋਸ਼ ਵਿੱਚ ਸਿਮਰਜੀਤ ਸਿੰਘ ਬੈਂਸ ਖਿਲਾਫ ਦਰਜ ਕੀਤੇ ਕੇਸ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਾਫ ਕਿਹਾ ਹੈ ਕਿ ਬੈਂਸ ਦੇ ਖਿਲਾਫ ਇਹ ਕੇਸ ਉਨ੍ਹਾਂ ਨੇ ਹੀ ਦਰਜ ਕਰਵਾਇਆ ਸੀ।

ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਕਿ ਅਫਸਰਾਂ ਨਾਲ ਬਦਸਲੂਕੀ ਕਦੇ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ। ਉਨ੍ਹਾਂ ਕਿਹਾ ਕਿ ਵੀਡੀਓ ਦੇਖਣ ਪਿੱਛੋਂ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਗਏ ਸਨ। ਇਹ ਕੇਸ ਬਟਾਲਾ ਦੇ ਐੱਸ ਡੀ ਐੱਮ ਦੀ ਸ਼ਿਕਾਇਤ ਉੱਤੇ ਬਣਿਆ ਹੈ। ਵਰਨਣ ਯੋਗ ਹੈ ਕਿ ਬਟਾਲਾ ਦੀ ਪਟਾਕਾ ਫੈਕਟਰੀ ਵਿੱਚ ਧਮਾਕੇ ਪਿੱਛੋਂ ਇਕ ਪੀੜਤ ਪਰਿਵਾਰ ਦੀ ਸੁਣਵਾਈ ਨਾ ਹੋਣ ਕਾਰਨ ਲੋਕ ਇਨਸਾਫ ਪਾਰਟੀ ਦੇ ਮੁਖੀ ਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਡਿਪਟੀ ਕਮਿਸ਼ਨਰ ਵਿਪੁਲ ਉੱਜਵਲ ਨੂੰ ਮਿਲਣ ਗਏ ਸਨ। ਇਸ ਮੌਕੇ ਉਨ੍ਹਾਂ ਦੀ ਡਿਪਟੀ ਕਮਿਸ਼ਨਰ ਨਾਲ ਤਿੱਖੀ ਬਹਿਸ ਹੋਈ ਸੀ। ਇਹ ਦੋਸ਼ ਲਾਇਆ ਗਿਆ ਹੈ ਕਿ ਬੈਂਸ ਨੇ ਓਥੇ ਡਿਪਟੀ ਕਮਿਸ਼ਨਰ ਨਾਲ ਭੱਦੀ ਸ਼ਬਦਾਵਲੀ ਅਤੇ ਧਮਕੀ ਭਰੇ ਲਹਿਜ਼ੇਦੀ ਵਰਤੋਂ ਕੀਤੀ ਸੀ, ਜਿਸ ਕਾਰਨ ਉਨ੍ਹਾ ਖਿਲਾਫ ਵੱਖ-ਵੱਖ ਧਰਾਵਾਂ ਦਾ ਕੇਸ ਦਰਜ ਕੀਤਾ ਗਿਆ ਹੈ।

ਡਿਪਟੀ ਕਮਿਸ਼ਨਰ ਵਿਪੁਲ ਉੱਜਵਲ ਨਾਲ ਬਦਸਲੂਕੀ ਅਤੇ ਧਮਕੀਆਂ ਦੇਣ ਦੇ ਦੋਸ਼ਾਂ ਹੇਠ ਬਟਾਲਾ ਪੁਲਿਸ ਵੱਲੋਂ ਨਾਮਜ਼ਦ ਕੀਤੇ ਗਏ ਲੁਧਿਆਣਾ ਦੇ ਵਿਧਾਇਕ ਤੇ ਲੋਕ ਇਨਸਾਫ ਪਾਰਟੀ ਦੇ ਮੁਖੀ ਸਿਮਰਜੀਤ ਸਿੰਘ ਬੈਂਸ ਨੇ ਗ੍ਰਿਫਤਾਰੀ ਤੋਂ ਬਚਣ ਲਈ ਅੱਜ ਸੈਸ਼ਨ ਕੋਰਟ ਗੁਰਦਾਸਪੁਰ ਨੂੰ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਦਿੱਤੀ ਸੀ। ਮਿਲੀ ਜਾਣਕਾਰੀ ਅਨੁਸਾਰ ਸੈਸ਼ਨ ਜੱਜ ਸ਼੍ਰੀਮਤੀ ਰਾਮੇਸ਼ ਕੁਮਾਰੀ ਨੇ ਜ਼ਮਾਨਤ ਅਰਜ਼ੀ ਅਗਲੀ ਸੁਣਵਾਈ ਲਈ ਰੱਖ ਲਈ ਹੈ। ਸਿਮਰਜੀਤ ਸਿੰਘ ਬੈਂਸ ਨੇ ਵਕੀਲਾਂ ਨੇ ਅਗਲੀ ਸੁਣਵਾਈ ਤੱਕ ਅੰਤ੍ਰਿਮ ਜ਼ਮਾਨਤ ਦੀ ਬੇਨਤੀ ਕੀਤੀ ਸੀ, ਪਰ ਅਦਾਲਤ ਨੇ ਨਹੀਂ ਮੰਨੀ ਅਤੇ ਇਸ ਅਰਜ਼ੀ ਉੱਤੇ ਬਹਿਸ ਲਈ ਪੰਜਾਬ ਸਰਕਾਰ ਨੂੰ ਨੋਟਿਸ ਜਾਰੀ ਕਰਦਿਆਂ 12 ਸਤੰਬਰ ਨੂੰ ਰਿਕਾਰਡ ਦੇ ਨਾਲ ਆਪਣਾ ਪੱਖ ਰੱਖਣ ਲਈ ਕਿਹਾ ਹੈ। ਇਸ ਲਈ ਅਗਲੀ ਅਦਾਲਤੀ ਕਾਰਵਾਈ 12 ਸਤੰਬਰ ਤੱਕ ਨਹੀਂ ਹੋ ਸਕੇਗੀ।

ਵਰਨਣ ਯੋਗ ਹੈ ਕਿ ਸਿਮਰਜੀਤ ਸਿੰਘ ਬੈਂਸ ਵਲੋਂ ਗੁਰਦਾਸਪੁਰ ਦੇ ਡਿਪਟੀ ਕਮਿਸ਼ਨਰ ਨਾਲ ਬਦਸਲੂਕੀ ਕਾਰਨ ਮੁੱਦਾ ਭਖਿਆ ਹੋਇਆ ਹੈ ਅਤੇ ਐਸਡੀਐਮ ਬਟਾਲਾ ਵਲੋਂ ਦਿੱਤੀ ਅਰਜ਼ੀ ਉੱਤੇ ਬਟਾਲਾ ਪੁਲਿਸ ਨੇ ਬੈਂਸ ਵਿਰੁੱਧ ਗੈਰ ਜ਼ਮਾਨਤੀ ਧਾਰਾਵਾਂ ਦਾ ਕੇਸ ਦਰਜ਼ ਕੀਤਾ ਹੈ। ਇਸਦੇ ਬਾਵਜੂਦ ਅਫਸਰਸ਼ਾਹੀ ਦਾ ਰੋਹ ਠੰਡਾ ਨਹੀਂ ਹੋ ਰਿਹਾ।

AMAN TRAVEL
ਅਮਨ ਟਰੈਵਲ
SPECIAL FARES TO DELHI & AMRITSAR
TICO # 50022741



LAST MINUTE DEALS AVAILABLE
GAURAV GUPTA
905.796.3535
ਦੇਸ਼ ਵਿਦੇਸ਼ ਜਾਣ ਸਮੇਂ ਸਸਤੀਆਂ ਹਵਾਈ ਟਿਕਟਾਂ ਅਤੇ ਭਰੋਸੇਮੰਦ ਸਰਵਿਸ ਲੈਣ ਲਈ ਕਾਲ ਕਰੋ
218 KINGKNOLL DR., BRAMPTON, ON L6Y 4X4

# ਕਿਊਬਿਕ ਤੇ ਓਨਟਾਰੀਓ ਤੋਂ ਲਾਂਚ ਕਰਨਾ ਚਾਹੁੰਦੇ ਹਨ ਕੰਜ਼ਰਵੇਟਿਵ ਆਪਣੀ ਚੋਣ ਕੈਂਪੇਨ

...ਪੰਨਾ 1 ਦਾ ਬਾਕੀ

ਭਾਵੇਂ ਅਜੇ ਤੱਕ ਰਸਮੀ ਤੌਰ ਉੱਤੇ ਚੋਣਾਂ ਦਾ ਐਲਾਨ ਨਹੀਂ ਕੀਤਾ ਗਿਆ ਹੈ ਪਰ ਇਸ ਦੇ ਬਾਵਜੂਦ ਤਿੰਨੇ ਪਾਰਟੀਆਂ ਕਈ ਹਫਤਿਆਂ ਤੋਂ ਕੈਂਪੇਨ ਦੇ ਰੌਂਅ ਵਿੱਚ ਹਨ। ਇੱਥੇ ਦੱਸਣਾ ਬਣਦਾ ਹੈ ਕਿ ਚੋਣਾਂ ਦਾ ਐਲਾਨ ਕਿਸੇ ਦਿਨ ਵੀ ਕੀਤਾ ਜਾ ਸਕਦਾ ਹੈ।

ਕੈਨੇਡਾ ਦੇ ਇਲੈਕਸ਼ਨ ਲਾਅ ਅਨੁਸਾਰ ਪਾਰਲੀਆਮੈਂਟ ਦੀ ਕਾਰਵਾਈ ਭੰਗ ਕਰਨ ਤੇ ਚੋਣਾਂ ਦਾ ਸੱਦਾ ਐਤਵਾਰ ਤੋਂ ਲੇਟ ਨਹੀਂ ਹੋ ਸਕਦਾ। ਤਰਜ਼ਮਾਨ ਸਾਈਮਨ ਜੈਫਰੀਜ਼ ਨੇ ਦੱਸਿਆ ਕਿ ਨਿਊ ਡੈਮੋਕ੍ਰੈਟਸ ਵੱਲੋਂ ਵੀਕੈਂਡ ਉੱਤੇ ਆਪਣੀ ਕੈਂਪੇਨ ਲਾਂਚ ਕੀਤੀ ਜਾ ਚੁੱਕੀ ਹੈ ਤੇ ਕੰਜ਼ਰਵੇਟਿਵ ਵੀ ਕੈਂਪੇਨ ਲਾਂਚ ਕਰਨ ਲਈ ਉਡੀਕ ਕਰ ਕਰ ਕੇ ਥੱਕ ਚੁੱਕੇ ਹਨ।

ਉਨ੍ਹਾਂ ਇੱਕ ਈਮੇਲ ਵਿੱਚ ਆਖਿਆ ਕਿ ਅਸੀਂ ਕਈ ਮਹੀਨੇ ਤੋਂ ਦੇਖ ਰਹੇ ਹਾਂ ਕਿ ਲਿਬਰਲ ਟੈਕਸ ਦਾਤਾਵਾਂ ਦੇ ਪੈਸੇ ਉੱਤੇ ਚੋਣ ਮੁਹਿੰਮ ਚਲਾ ਰਹੇ ਹਨ। ਉਹ ਆਪਣੇ ਚੋਣਵੇਂ ਹਲਕਿਆਂ ਵਿੱਚ ਆਪਣੇ ਪੁਰਾਣੇ ਵਾਅਦੇ ਦੁਹਰਾ ਰਹੇ ਹਨ। ਲਿਬਰਲਾਂ ਲਈ ਤਾਂ ਕੈਂਪੇਨ ਕਦੋਂ ਤੋਂ ਸ਼ੁਰੂ ਹੋ ਚੁੱਕੀ ਹੈ ਤੇ ਉਸ ਦਾ ਬੋਝ ਟੈਕਸਦਾਤਾਵਾਂ ਦੀ ਜੇਬ੍ਹ ਉੱਤੇ ਪੈ ਰਿਹਾ ਹੈ।

# ਯੂਥ ਫੌਰ ਕਮਿਊਨਿਟੀ ਵੱਲੋਂ ਰਨ ਫੌਰ ਡਾਇਬਟੀਜ਼ 15 ਸਤੰਬਰ ਨੂੰ

ਬਰੈਂਪਟਨ, 9 ਸਤੰਬਰ (ਪੋਸਟ ਬਿਊਰੋ) : ਡਾਇਬਟੀਜ਼ (ਸ਼ੂਗਰ) ਨਾਲ ਜੁੜੇ ਖਤਰਿਆਂ ਦੇ ਸਬੰਧ ਵਿੱਚ ਲੋਕਾਂ ਨੂੰ ਜਾਗਰੂਕ ਕਰਨ ਅਤੇ ਟਾਈਪ-1 ਡਾਇਬਟੀਜ਼ ਨਾਲ ਜੂਝ ਰਹੇ ਬੱਚਿਆ ਤੇ ਪਰਿਵਾਰਾਂ ਲਈ ਡਾਇਬਟੀਜ਼ ਕੈਨੇਡਾ ਡੀ-ਕੈਂਪਜ਼ ਵਾਸਤੇ ਫੰਡ ਇੱਕਠਾ ਕਰਨ ਲਈ ਯੂਥ ਫੌਰ ਕਮਿਊਨਿਟੀ ਵੱਲੋਂ ਦੂਜਾ ਸਾਲਾਨਾ "ਰਨ ਫੌਰ ਡਾਇਬਟੀਜ਼" ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਸ ਦੌਰਾਨ 15 ਸਤੰਬਰ, 2019 ਨੂੰ ਬਰੈਂਪਟਨ ਦੇ ਚਿੰਗੁਆਕਸੀ ਪਾਰਕ (ਸੈਲਟਰ-3) ਵਿੱਚ 4 ਕਿਲੋਮੀਟਰ ਤੇ 2 ਕਿਲੋਮੀਟਰ ਦੌੜ ਜਾਂ ਵਾਕ ਦਾ ਪ੍ਰਬੰਧ ਕੀਤਾ ਗਿਆ ਹੈ। ਪਿਛਲੇ ਸਾਲ ਯੂਥ ਫੌਰ ਕਮਿਊਨਿਟੀ ਵੱਲੋਂ ਸਫਲਤਾਪੂਰਬਕ ਰਨ ਫੌਰ ਡਾਇਬਟੀਜ਼ ਈਵੈਂਟ ਦਾ ਆਯੋਜਨ ਕੀਤਾ ਗਿਆ ਸੀ ਤੇ ਡਾਇਬਟੀਜ਼ ਕੈਨੇਡਾ ਡੀ-ਕੈਂਪ ਪਹਿਲਕਦਮੀ ਤਹਿਤ 8000 ਡਾਲਰ ਇੱਕਠੇ ਕੀਤੇ ਗਏ ਸਨ।

ਇਸ ਵਾਰੀ ਵੀ ਇਸ ਈਵੈਂਟ ਨੂੰ ਸਫਲ ਬਣਾਉਣ ਲਈ ਯੂਥ ਫੌਰ ਕਮਿਊਨਿਟੀ ਵੱਲੋਂ ਹਰ ਵੱਡੇ ਛੋਟੇ ਨੂੰ ਇਸ ਈਵੈਂਟ ਵਿੱਚ ਹਿੱਸਾ ਲੈਣ ਦਾ ਸੱਦਾ ਦਿੱਤਾ ਜਾਂਦਾ ਹੈ ਤੇ ਇਸ ਈਵੈਂਟ ਨੂੰ ਸਫਲ ਬਣਾਉਣ ਦੀ ਅਪੀਲ ਕੀਤੀ ਜਾਂਦੀ ਹੈ।

UK TRUCK TRAINING CENTRE
ukttc
PCC #179958
Registered as a Private Careers College
Forklift $79 Recertification
Automatic & Manual Trucks
1:1 Training
Forklift Training
Reach Truck
Counterbalance
Air Brake Classes Sat-Sun 8am to 4pm
Kuldip Singh Grewal
647.894.8590
17 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
Gurjot Singh Grewal: 437-224-8500
Off:905.673.7979
7542 Bath Rd, Mississauga, ON L4T 1L2



ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW



SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergillawfirm.ca

ਕਰੋਨਿਕ ਲਿਵਰ ਪਰੋਬਲਮ ਦਾ ਸ਼ਰਤੀਆ ਇਲਾਜ਼
—— ਲਿਵਰ ਸਰੋਇਸਿਸ, ਫੈਟੀ ਲਿਵਰ, ਹੈਪਾਟਾਇਟਸ A, B & C ਪੀਲੀਆ
ਹਾਰਟ ਪਰੋਬਲਮ,ਆਰਟਰੀ ਦੀ ਬਲੋਕੇਜ, ਹਾਈ ਬੀ-ਪੀ, ਕੋਲੈਸਟਰੋਲ, ਬਾਇਪਾਸ ਸਰਜਰੀ ਤੋ ਬਚਾਉ
• ਡਿਪਰੈਸ਼ਨ ਦਾ ਸ਼ਰਤੀਆ ਇਲਾਜ਼, ਰਾਤ ਨੂੰ ਨੀਂਦ ਨਾ ਆਉਣਾ, ਘਬਰਾਹਟ ਹੋਣੀ, Anxiety
• ਬੱਚਿਆਂ ਦਾ ਬਿਸਤਰੇ ਤੇ ਪਿਸ਼ਾਬ ਕਰਣਾ, ਬੱਚਿਆਂ ਦਾ ਪੜ੍ਹਾਈ ਵਿਚ ਕਮਜ਼ੋਰ ਹੋਣਾ, ਬਜ਼ੁਰਗਾਂ ਦਾ ਪਿਸ਼ਾਬ ਬਾਰ-ਬਾਰ ਆਉਣਾ
• ਲੇਡੀਜ ਦੀਆਂ ਹਰ ਤਰ੍ਹਾਂ ਦੀਆਂ ਪ੍ਰਾਬਲਮ ਜਿਵੇਂ ਮਹਾਵਾਰੀ ਅਤੇ uterus ਤੇ breast ਦੀਆ ਰਸੌਲੀਆਂ
• ਗਲੁਟਨ ਤੇ ਸਿਜ਼ਨਲ ਐਲਰਜੀ ਅਤੇ ਜਨਾਨਾਂ ਤੇ ਮਰਦਾਂ ਦੀਆਂ ਹਰ ਤਰ੍ਹਾਂ ਦੀ ਬਿਮਾਰੀ ਲਈ
ਬਿਨਾ ਤਕਲੀਫ ਤੋਂ ਸ਼ਰਾਬ ਛਡੱਣ ਦਾ ਸ਼ਰਤੀਆ ਇਲਾਜ
ਕਾਲ ਕਰੋ: 647-643-7593

# 1984 ਸਿੱਖ ਕਤਲੇਆਮ ਕੇਸ: ਵਿਧਾਇਕ ਸਿਰਸਾ ਨੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਤੋਂ ਅਹੁਦਾ ਛੁਡਾਉਣ ਦੀ ਮੰਗ ਚੁੱਕੀ

### ਦਿੱਲੀ ਕਤਲੇਆਮ ਵਿੱਚ ਸ਼ਾਮਲ ਹੋਣ ਦਾ ਗੰਭੀਰ ਦੋਸ਼ ਲਾਇਆ



ਨਵੀਂ ਦਿੱਲੀ, 9 ਸਤੰਬਰ, (ਪੋਸਟ ਬਿਊਰੋ)- ਦਿੱਲੀ ਵਿਧਾਨ ਸਭਾ ਦੀਆਂ ਅਗਲੀਆਂ ਚੋਣਾਂ ਵਿੱਚ ਪੰਜ ਮਹੀਨੇ ਸਮਾਂ ਮਸਾਂ ਬਾਕੀ ਹੈ ਤੇ ਰਾਜਧਾਨੀ ਵਿੱਚ ਮਾਹੌਲ ਭਖਣ ਲੱਗਾ ਹੈ। ਭਾਜਪਾ ਟਿਕਟ ਉੱਤੇ ਜਿੱਤੇ ਅਕਾਲੀ ਦਲ ਦੇ ਵਿਧਾਇਕ ਮਨਜਿੰਦਰ ਸਿੰਘ ਸਿਰਸਾ ਨੇ 1984 ਵਿੱਚ ਹੋਏ ਸਿੱਖ ਕਤਲੇਆਮ ਬਾਰੇਅਜ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਬਾਰੇ ਕਿਹਾ ਕਿ 'ਮੇਰਾ ਮੰਨਣਾ ਹੈ ਕਿ ਕਮਲਨਾਥ ਇਕਲੌਤੇ ਮੁੱਖ ਮੰਤਰੀ ਹਨ ਜਿਹੜੇ ਇਸ ਦੋਸ਼ ਹੇਠ ਗ੍ਰਿਫ਼ਤਾਰ ਹੋਣਗੇ।' ਉਨ੍ਹਾ ਕਿਹਾ: 'ਅਸੀਂ ਕਾਂਗਰਸ ਦੀ ਅੰਤ੍ਰਿਮ ਪ੍ਰਧਾਨ ਸੋਨੀਆ ਗਾਂਧੀ ਤੋਂ ਮੰਗ ਕਰਦੇ ਹਾਂ ਕਿ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਕਮਲਨਾਥ ਦਾ ਅਸਤੀਫ਼ਾ ਲਵੇ ਤੇ ਅਹੁਦੇ ਤੋਂ ਹਟਾ ਦੇਵੇ ਤਾਂ ਜੋ ਸਿੱਖਾਂ ਨੂੰ ਨਿਆਂ ਮਿਲ ਸਕੇ।'

ਭਾਜਪਾ ਵਿਧਾਇਕ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮਨਜਿੰਦਰ ਸਿੰਘ ਸਿਰਸਾ ਨੇ ਇਹ ਵੀ ਕਿਹਾ ਕਿ ਅਸੀਂ ਦੋਵਾਂ ਗਵਾਹਾਂ ਨਾਲ ਗੱਲ ਕੀਤੀ ਹੈ, ਉਹ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਸਾਹਮਣੇ ਆਪਣਾ ਪੱਖ ਰੱਖਣ ਨੂੰ ਤਿਆਰ ਹਨ। ਇਸ ਬਾਰੇ ਐੱਸ ਆਈ ਟੀ ਨਾਲ ਗੱਲ ਹੋ ਚੁੱਕੀ ਹੈ, ਉਹ ਸਾਨੂੰ ਤਰੀਕ ਦੇਣਗੇ।' ਵਰਨਣ ਯੋਗ ਹੈ ਕਿ ਇਸੇ ਸਾਲ ਜੂਨ ਵਿੱਚ ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਸੀ ਕਿ 1984 ਸਿੱਖ ਵਿਰੋਧੀ ਦੰਗਿਆਂ ਦੇ ਲਈ ਸੀਨੀਅਰਕਾਂਗਰਸ ਆਗੂ ਅਤੇ ਮੱਧ ਪ੍ਰਦੇਸ਼ ਦੇ ਮੁੱਖ ਮੰਤਰੀਕਮਲਨਾਥ ਦੀ ਭੂਮਿਕਾ ਦੀ ਜਾਂਚ ਹੋਵੇਗੀ ਤੇ ਗ੍ਰਹਿ ਮੰਤਰਾਲੇ ਨੇ ਇਸ ਦੀ ਜਾਂਚ ਐੱਸ ਆਈ ਟੀ ਨੂੰ ਸੌਂਪਣ ਦਾ ਫ਼ੈਸਲਾ ਕਰ ਲਿਆ ਹੈ। ਮਨਜਿੰਦਰ ਸਿੰਘ ਸਿਰਸਾ ਦਾ ਦੋਸ਼ ਹੈ ਕਿ ਗੁਰਦੁਆਰਾ ਰਕਾਬਗੰਜ ਸਾਹਿਬ ਵਿੱਚ 1 ਨਵੰਬਰ 1984 ਨੂੰ ਕਮਲਨਾਥ ਨੇ ਭੀੜ ਭੜਕਾਈ ਤੇ ਓਥੇ ਦੋ ਸਿੱਖਾਂ ਨੂੰ ਜਿੰਦਾ ਸਾੜਿਆ ਗਿਆ ਸੀ। ਉਨ੍ਹਾਂ ਦੱਸਿਆ ਕਿ ਇਸ ਬਾਰੇ 1 ਨਵੰਬਰ 1984 ਨੂੰ ਪਾਰਲੀਮੈਂਟ ਸਟਰੀਟ ਥਾਣੇ ਵਿੱਚ ਕੇਸ ਨੰਬਰ 601/84 ਦਰਜ ਹੋਇਆ ਸੀ ਅਤੇ ਪੁਲਿਸ ਨੇ ਇਸ ਕੇਸ ਵਿੱਚ ਪੰਜ ਲੋਕਾਂ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਸੀ, ਪਰ ਕਮਲਨਾਥ ਦਾ ਨਾਂ ਇਸ ਵਿਚ ਨਹੀਂ ਸੀ।ਉਨ੍ਹਾਂ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਸਾਰੇ ਮੁਲਜ਼ਮਾਂ ਦਾ ਰਿਹਾਇਸ਼ੀ ਪਤਾ ਕਾਂਗਰਸ ਆਗੂ ਕਮਲਨਾਥ ਵਾਲਾ ਹੀ ਆਇਆ ਹੈ।

# ਯੂ ਐੱਨ ਮਨੁੱਖੀ ਅਧਿਕਾਰ ਕਮਿਸ਼ਨ ਨੇ ਭਾਰਤ ਨੂੰ ਕਸ਼ਮੀਰ ਵਿੱਚ ਪਾਬੰਦੀਆਂ ਦੀ ਢਿੱਲ ਲਈ ਕਿਹਾ

ਜਨੇਵਾ, 9 ਸਤੰਬਰ, (ਪੋਸਟ ਬਿਊਰੋ)- ਯੂ ਐੱਨ ਮਨੁੱਖੀ ਅਧਿਕਾਰ ਦੀ ਮੁਖੀ ਮਿਸ਼ੇਲ ਬੈਚਲੇਟ ਨੇ ਜੰਮੂ-ਕਸ਼ਮੀਰ ਵਿੱਚ ਪਾਬੰਦੀਆਂ ਦੇ ਪ੍ਰਭਾਵ ਬਾਰੇ ਅੱਜ ਸੋਮਵਾਰ ਨੂੰ ਡੂੰਘੀ ਚਿੰਤਾ ਪ੍ਰਗਟ ਕੀਤੀ ਤੇ ਭਾਰਤ ਸਰਕਾਰ ਨੂੰ ਮੌਜੂਦਾ ਪਾਬੰਦੀਆਂ ਵਿੱਚ ਢਿੱਲ ਦੇਣ ਲਈ ਕਿਹਾ, ਤਾਂ ਜੋ ਬੁਨਿਆਦੀ ਸੇਵਾਵਾਂ ਤੱਕ ਲੋਕਾਂ ਦੀ ਪਹੁੰਚ ਯਕੀਨੀ ਹੋ ਸਕੇ। ਜੰਮੂ ਕਸ਼ਮੀਰ ਦਾ ਵਿਸ਼ੇਸ਼ ਦਰਜਾ ਖਤਮ ਕੀਤੇ ਜਾਣ ਪਿੱਛੋਂ ਭਾਰਤ ਅਤੇ ਪਾਕਿਸਤਾਨ ਵਿੱਚ ਤਣਾਅ ਬਾਰੇਯੂ ਐੱਨ ਮਨੁੱਖੀ ਅਧਿਕਾਰ ਕਮਿਸ਼ਨ ਦੀ ਮੁਖੀ ਮਿਸ਼ੇਲ ਬੈਚਲੇਟ ਨੇ ਦੋਵਾਂ ਦੇਸ਼ਾਂ ਨੂੰ ਇਹ ਯਕੀਨੀ ਕਰਨ ਨੂੰ ਕਿਹਾ ਕਿ ਕਸ਼ਮੀਰ ਦੇ ਲੋਕਾਂ ਦੇ ਮਨੁੱਖੀ ਅਧਿਕਾਰਾਂ ਦਾ ਸਨਮਾਨ ਹੋਵੇ ਤੇ ਉਸ ਦੀ ਰੱਖਿਆ ਕੀਤੀ ਜਾਵੇ।ਉਨ੍ਹਾਂ ਨੇ



ਮਨੁੱਖੀ ਅਧਿਕਾਰ ਕਮਿਸ਼ਨ ਦੇ 42ਵੇਂ ਸ਼ੈਸ਼ਨ ਦੇ ਉਦਘਾਟਨ ਭਾਸ਼ਣ ਵਿੱਚ ਭਾਰਤ ਨੂੰ ਇਹ ਯਕੀਨੀ ਕਰਨ ਨੂੰ ਕਿਹਾ ਕਿ ਆਸਾਮਦੇਨੈਸ਼ਨਲ ਸਿਟੀਜ਼ਨਜ਼ ਰਜਿਸਟਰ (ਐੱਨ ਆਰ ਸੀ) ਦੀ ਤਸਦੀਕ ਲੋਕਾਂ ਨੂੰ ਕਿਸੇ ਦੇਸ਼ ਤੋਂ ਵਾਂਝਾ ਨਾ ਕਰੇ। ਉਨ੍ਹਾਂ ਕਸ਼ਮੀਰ ਬਾਰੇ ਕਿਹਾ ਕਿ ਉਨ੍ਹਾਂ ਦੇ ਦਫਤਰ ਨੂੰ ਕੰਟਰੋਲ ਲਾਈਨ ਦੇ ਦੋਵੇਂ ਪਾਸਿਓਂ ਮਨੁੱਖੀ ਅਧਿਕਾਰਾਂ ਦੀ ਸਥਿਤੀ ਬਾਰੇ ਰਿਪੋਰਟ ਮਿਲ ਰਹੀ ਹੈ। ਉਨ੍ਹਾਂ ਕਿਹਾ ਕਿ ਮੈਂ ਭਾਰਤ ਸਰਕਾਰ ਦੇ ਤਾਜ਼ਾ ਕਦਮਾਂ ਤੋਂ ਕਸ਼ਮੀਰੀਆਂ ਦੇ ਮਨੁੱਖੀ ਅਧਿਕਾਰ ਉਤੇ ਪ੍ਰਭਾਵ ਬਾਰੇ ਬਹੁਤ ਚਿੰਤਤ ਹਾਂ, ਜਿਸ ਵਿੱਚ ਇੰਟਰਨੈੱਟ ਤੇ ਸ਼ਾਂਤਮਈ ਬੈਠਕਾਂ ਕਰਨ ਉੱਤੇ ਪਾਬੰਦੀ ਤੇ ਸਥਾਨਕ ਨੇਤਾਵਾਂ ਅਤੇ ਵਰਕਰਾਂ ਨੂੰ ਹਿਰਾਸਤ ਵਿੱਚ ਲਿਆ ਜਾਣਾ ਸ਼ਾਮਲ ਹੈ।ਇਸ ਮੌਕੇ ਬੈਚਲੇਟ ਨੇ ਕਿਹਾ ਕਿ ਮੈਂ ਭਾਰਤ ਤੇ ਪਾਕਿਸਤਾਨ ਦੀਆਂ ਸਰਕਾਰਾਂ ਨੂੰ ਅਪੀਲ ਕਰਦੀ ਹਾਂ ਕਿ ਮਨੁੱਖੀ ਅਧਿਕਾਰਾਂ ਦਾ ਸਨਮਾਨ ਅਤੇ ਰਾਖੀ ਹੋਵੇ। ਮੈਂ ਵਿਸ਼ੇਸ਼ ਤੌਰ ਉੱਤੇ ਭਾਰਤ ਨੂੰ ਅਪੀਲ ਕੀਤੀ ਹੈ ਕਿ ਵਰਤਮਾਨ ਵਿੱਚ ਉਹ ਪਾਬੰਦੀ ਜਾਂ ਕਰਫਿਊ ਵਿੱਚ ਢਿੱਲ ਦੇਣ, ਜਿਸ ਨਾਲ ਬੁਨਿਆਦੀ ਸੇਵਾਵਾਂ ਤੱਕ ਲੋਕਾਂ ਦੀ ਪਹੁੰਚ ਹੋਵੇ ਤੇ ਹਿਰਾਸਤ ਵਿੱਚ ਲਏ ਲੋਕਾਂ ਦੇ ਯੋਗ ਪ੍ਰਕਿਰਿਆ ਵਾਲੇ ਸਾਰੇ ਅਧਿਕਾਰਾਂ ਦਾ ਸਨਮਾਨ ਹੋਵੇ।

# ਮੈਲਬਰਨ ਵਿੱਚ ਪੰਜਾਬੀ ਨੌਜਵਾਨ ਦਾ ਕਤਲ

ਮੈਲਬਰਨ, 9 ਸਤੰਬਰ (ਪੋਸਟ ਬਿਊਰੋ)- ਇਥੋਂ ਦੇ ਪੱਛਮੀ ਖੇਤਰ ਮੈਡਸਟੋਨ 'ਚ ਇਕ ਪੰਜਾਬੀ ਵਿਦਿਆਰਥੀ ਨੇ ਆਪਣੇ ਦੋਸਤ ਨੂੰ ਚਾਕੂ ਮਾਰ ਕੇ ਮਾਰ ਦਿੱਤਾ ਹੈ। ਮ੍ਰਿਤਕ ਦੀ ਪਛਾਣ ਤਰਨ ਤਾਰਨ ਜ਼ਿਲੇ ਦੇ ਪਿੰਡ ਧੂੰਦਾ ਦੇ ਪਰਮਜੀਤ ਸਿੰਘ (27) ਵਜੋਂ ਹੋਈ ਹੈ ਜੋ ਕਰੀਬ ਸਾਢੇ ਪੰਜ ਸਾਲ ਤੋਂ ਏਥੇ ਵਿਦਿਆਰਥੀ ਵੀਜ਼ੇ 'ਤੇ ਰਹਿ ਰਿਹਾ ਸੀ। ਇਹ ਘਟਨਾ ਸ਼ੁੱਕਰਵਾਰ ਰਾਤ ਉਸ ਸਮੇਂ ਵਾਪਰੀ ਜਦੋਂ ਪਰਮਜੀਤ ਨਾਲ ਰਹਿੰਦੇ ਇਕ ਹੋਰ ਪੰਜਾਬੀ ਵਿਦਿਆਰਥੀ ਸੰਦੀਪ ਸਿੰਘ ਵਾਲੀਆ (26) ਨੇ ਮਾਮੂਲੀ ਝਗੜੇ ਪਿੱਛੋਂ ਉਸ ਦਾ ਕਤਲ ਕਰ ਦਿੱਤਾ। ਵਿਕਟੋਰੀਆ ਦੀ ਪੁਲਸ ਨੇ ਸੰਦੀਪ ਸਿੰਘ ਨੂੰ ਗ੍ਰਿਫਤਾਰ ਕਰਕੇ ਸਥਾਨਕ ਅਦਾਲਤ ਵਿੱਚ ਪੇਸ਼ ਕੀਤਾ, ਜਿਥੇ ਉਸ ਨੇ ਜ਼ਮਾਨਤ ਦੀ ਅਰਜ਼ੀ ਨਹੀਂ ਲਾਈ। ਇਸੇ ਘਰ 'ਚ ਰਹਿੰਦੇ ਇਕ ਹੋਰ 21 ਸਾਲਾ ਨੌਜਵਾਨ ਨੂੰ ਵੀ ਹਿਰਾਸਤ 'ਚ ਲਿਆ ਸੀ, ਪਰ ਮੁੱਢਲੀ ਪੜਤਾਲ ਮਗਰੋਂ ਉਸ ਨੂੰ ਫਿਲਹਾਲ ਛੱਡ ਦਿੱਤਾ ਗਿਆ ਹੈ। ਗੁਆਂਢੀਆਂ ਮੁਤਾਬਕ ਇਸ ਘਟਨਾ ਵਾਲੇ ਘਰ 'ਚ ਕਰੀਬ ਦਸ ਵਿਦਿਆਰਥੀ ਸਨ, ਜੋ ਟੈਕਸੀ ਅਤੇ ਕੋਰੀਅਰ ਵੈਨ ਚਲਾਉਣ ਦਾ ਕੰਮ ਕਰਦੇ ਸਨ। ਇਸ ਦੌਰਾਨ ਪਿੰਡ ਧੂੰਦਾ 'ਚ ਪਰਮਜੀਤ ਸਿੰਘ ਦੇ ਪਿਤਾ ਹਰਜਿੰਦਰ ਸਿੰਘ ਨੇ ਦੱਸਿਆ ਕਿ ਪਰਮਜੀਤ ਸਿੰਘ ਪੰਜ ਮਹੀਨੇ ਪਹਿਲਾਂ ਆਪਣੇ ਛੋਟੇ ਭਰਾ ਦੇ ਵਿਆਹ ਉਤੇ ਪੰਜਾਬ ਆਇਆ ਸੀ ਤੇ ਉਸ ਨੂੰ ਪੱਕੇ ਹੋਣ ਦੇ ਕਾਗਜ਼ ਮਿਲਣ ਵਾਲੇ ਸਨ ਕਿ ਇਹ ਭਾਣਾ ਵਾਪਰ ਗਿਆ। ਪਿੰਡ ਵਾਸੀਆਂ ਨੇ ਭਾਰਤ ਸਰਕਾਰ ਅਤੇ ਵਿਦੇਸ਼ ਮੰਤਰਾਲੇ ਨੂੰ ਅਪੀਲ ਕੀਤੀ ਹੈ ਕਿ ਪਰਮਜੀਤ ਸਿੰਘ ਦੀ ਦੇਹ ਭਾਰਤ ਲਿਆਉਣ ਲਈ ਉਪਰਾਲੇ ਕੀਤੇ ਜਾਣ।

# ਭਾਰਤ ਦੇ ਰਾਫੇਲ ਨਾਲ ਟੱਕਰ ਲਈ ਪਾਕਿਸਤਾਨ ਵੱਲੋਂ ਮਿਸਰ ਤੋਂ ਮਿਰਾਜ ਲਈ ਗੱਲਬਾਤ ਸ਼ੁਰੂ

### * ਸੈਕਿੰਡ ਹੈਂਡ ਮਾਲ ਖਰੀਦਣ ਲੱਗੈ ਪਾਕਿਸਤਾਨ



ਨਵੀਂ ਦਿੱਲੀ, 9 ਸਤੰਬਰ, (ਪੋਸਟ ਬਿਊਰੋ)- ਪਾਕਿਸਤਾਨ ਅਗਲੇ ਦਿਨਾਂ ਵਿੱਚ ਮਿਸਰ ਕੋਲੋਂ 36 ਦਸਾਲਟ ਮਿਰਾਜ-ਵੀ ਫਾਈਟਰਜਹਾਜ਼ ਖਰੀਦਣ ਲਈ ਗੱਲਬਾਤ ਚਲਾ ਰਿਹਾ ਹੈ। ਉਂਜ ਫਰਾਂਸੀਸੀ ਕੰਪਨੀ ਦਸਾਲਟ ਨੇ ਇਹ ਜਹਾਜ਼ ਬਣਾਉਣੇ ਖੁਦ ਬੰਦ ਕਰ ਦਿੱਤੇ ਹਨ। ਮਿਸਰ ਵਿੱਚ ਵੀ ਇਨ੍ਹਾਂ ਜਹਾਜ਼ਾਂ ਨੂੰ ਓਥੋਂ ਦੀ ਏਅਰ ਫੋਰਸ ਰਿਟਾਇਰ ਕਰ ਚੁੱਕੀ ਹੈ, ਪਰ ਫਿਰ ਵੀ ਪਾਕਿ-ਸਤਾਨ ਆਪਣੀ ਹਵਾਈ ਫੌਜ ਲਈ ਇਸ ਜਹਾਜ਼ ਨੂੰ ਖਰੀਦਣ ਨੂੰ ਤਿਆਰ ਹੈ।

ਮਿਰਾਜ-ਵੀ ਇਕ ਅਜਿਹਾ ਜੈਟ ਹੈ, ਜਿਹੜਾ ਭਾਰਤੀ ਹਵਾਈ ਫੌਜ ਵਿੱਚ ਪਹਿਲੇ ਤੋਂ ਸ਼ਾਮਲ ਮਿਰਾਜ-2000 ਦੇ ਸਾਹਮਣੇ ਨਹੀਂ ਟਿਕ ਸਕਦਾ। ਮਿਰਾਜ-2000ਫਾਈਟਰ ਪਲੇਨ ਨਾਲ ਭਾਰਤੀ ਹਵਾਈ ਫੌਜ ਨੇ ਫਰਵਰੀ 2019 ਵਿੱਚ ਪਾਕਿਸਤਾਨ ਵਿੱਚ ਏਅਰ ਸਟ੍ਰਾਇਕ ਕੀਤੀ ਅਤੇ ਬਾਲਾਕੋਟ ਦੇ ਅੱਤਵਾਦੀ ਕੈਂਪ ਤਬਾਹ ਕਰ ਦਿੱਤੇ ਸਨ। ਭਾਰਤ ਨੂੰ ਫਰਾਂਸ ਤੋਂ ਆਪਣੀ ਸਮਰੱਥਾ ਵਿੱਚ ਸਭ ਤੋਂ ਐਡਵਾਂਸ ਤੇ ਕਈ ਤਰ੍ਹਾਂ ਕੰਮ ਆਉਣ ਵਾਲੇ ਰਾਫੇਲ ਜਹਾਜ਼ਾਂ ਦੀ ਸਪਲਾਈ ਛੇਤੀ ਹੀ ਸ਼ੁਰੂ ਹੋਣ ਵਾਲੀ ਹੈ। ਇਨ੍ਹਾਂ ਰਾਫੇਲ ਜਹਾਜ਼ਾਂ ਦੀ ਇਕ ਸਕਵਾਡਰਨ ਨੂੰ ਹਰਿਆਣਾ ਦੇ ਅੰਬਾਲਾ ਵਿੱਚਅਤੇ ਦੂਜੀ ਨੂੰ ਪੱਛਮੀ ਬੰਗਾਲ ਦੇ ਹਾਸ਼ਿਮਾਰਾ ਵਿੱਚ ਤਾਇਨਾਤ ਕੀਤਾ ਜਾਣਾ ਹੈ।

# ਕਲਿਆਣ ਸਿੰਘ ਦੀ ਗਵਰਨਰੀ ਖੁੱਸਦੇ ਸਾਰ ਮੁਸ਼ਕਲਾਂ ਵਧਣ ਲੱਗ ਪਈਆਂ

### * ਅਯੋਧਿਆ ਮਾਮਲੇ ਵਿੱਚ ਸੀ ਬੀ ਆਈ ਨੇ ਅਦਾਲਤ ਵਿੱਚ ਅਰਜ਼ੀ ਲਾਈ

ਨਵੀਂ ਦਿੱਲੀ, 9 ਸਤੰਬਰ, (ਪੋਸਟ ਬਿਊਰੋ)- ਕੇਂਦਰੀ ਜਾਂਚ ਬਿਊਰੋ (ਸੀ ਬੀ ਆਈ) ਨੇ ਲਖਨਊ ਵਿਚਲੀ ਵਿਸ਼ੇਸ਼ ਸੀ ਬੀ ਆਈ ਅਦਾਲਤ ਵਿੱਚ ਸਾਬਕਾ ਮੁੱਖ ਮੰਤਰੀ ਅਤੇ ਸਾਬਕਾ ਗਵਰਨਰ ਕਲਿਆਣ ਸਿੰਘ ਨੂੰ ਬਾਬਰੀ ਢਾਂਚਾ ਢਾਹੁਣ ਦੇ ਕੇਸ ਵਿੱਚ ਮੁਕੱਦਮੇ ਦਾ ਸਾਹਮਣਾ ਲਈ ਸੱਦਣ ਵਾਸਤੇ ਅਰਜ਼ੀ ਦੇ ਦਿੱਤੀ ਹੈ।



ਵਰਨਣ ਯੋਗ ਹੈ ਕਿ ਸੀ ਬੀ ਆਈ ਦੀ ਇਹ ਅਦਾਲਤ ਅਯੋਧਿਆ ਵਿੱਚ 6 ਦਸੰਬਰ 1992 ਨੂੰ ਬਾਬਰੀ ਮਸਜਿਦ ਢਾਹੁਣ ਦੀ ਸਾਜਿਸ਼ ਦੇ ਕੇਸ ਵਿੱਚ ਸਾਬਕਾ ਉਪ ਪ੍ਰਧਾਨ ਮੰਤਰੀ ਲਾਲ ਕ੍ਰਿਸ਼ਨ ਅਡਵਾਨੀ, ਸੀਨੀਅਰ ਭਾਜਪਾ ਨੇਤਾ ਮੁਰਲੀ ਮਨੋਹਰ ਜੋਸ਼ੀ, ਸਾਧਵੀ ਉਮਾ ਭਾਰਤੀ ਤੇ ਹੋਰ ਦੋਸ਼ੀਆਂ ਖਿਲਾਫ ਸੁਣਵਾਈ ਕਰ ਰਹੀ ਹੈ। ਇਸ ਬਾਰੇ ਅਦਾਲਤ ਨੇ ਸੀ ਬੀ ਆਈ ਤੋਂ ਪੁੱਛਿਆ ਸੀ ਕਿ ਕਲਿਆਣ ਸਿੰਘ ਕੀ ਹਾਲੇ ਗਵਰਨਰ ਦੇ ਸੰਵਿਧਾਨਕ ਅਹੁਦੇ ਉੱਤੇ ਹੈ।ਅਦਾਲਤ ਨੇ ਕਿਹਾ ਕਿ ਕੇਸ ਦੀ ਕਾਰਵਾਈ ਰੋਜ਼ਾਨਾ ਆਧਾਰ ਉੱਤੇ ਚੱਲਦੀ ਹੈ, ਇਸ ਲਈ ਸੀ ਬੀ ਆਈ ਅਰਜ਼ੀ ਉੱਤੇ ਸੁਣਵਾਈ 11 ਸਤੰਬਰ ਨੂੰ ਹੋ ਸਕਦੀ ਹੈ। ਅਰਜ਼ੀ ਪੇਸ਼ ਕਰਦੇ ਹੋਏ ਸੀ ਬੀ ਆਈ ਨੇ ਕਿਹਾ ਕਿ ਕਲਿਆਣ ਸਿੰਘ ਦੇ ਖਿਲਾਫ 1993 ਵਿੱਚ ਦੋਸ਼ ਪੱਤਰ ਦਾਖਿਲ ਕੀਤਾ ਗਿਆ ਸੀ। ਅਜੇ ਤੱਕ ਕਲਿਆਣ ਸਿੰਘ ਨੂੰ ਦੋਸ਼ੀ ਦੇ ਰੂਪ ਵਿੱਚਕੇਸ ਦੀ ਕਾਰਵਾਈ ਵਿੱਚਇਸ ਕਰ ਕੇ ਨਹੀਂ ਲਿਆਂਦਾ ਜਾ ਸਕਿਆ ਕਿ ਉਸ ਦੇ ਗਵਰਨਰ ਵਜੋਂ ਸੰਵਿਧਾਨ ਦੇ ਤਹਿਤ ਵਿਸ਼ੇਸ਼ ਅਧਿਕਾਰ ਸਨ। ਅਦਾਲਤ ਨੇ ਸੀ ਬੀ ਆਈ ਨੂੰ ਇਸ ਦੀ ਇਜਾਜ਼ਤ ਦੇ ਦਿੱਤੀ ਸੀ ਕਿ ਜਦੋਂ ਕਲਿਆਣ ਸਿੰਘ ਗਵਰਨਰ ਨਾ ਰਹਿਣਗੇ ਤਾਂ ਉਨ੍ਹਾਂ ਨੂੰ ਦੋਸ਼ੀ ਦੇ ਰੂਪ ਵਿੱਚ ਪੇਸ਼ ਕੀਤਾ ਜਾ ਸਕਦਾ ਹੈ। ਕਲਿਆਣ ਸਿੰਘ ਪਿਛਲੇ ਹਫਤੇ ਰਾਜਸਥਾਨ ਦੇ ਗਵਰਨਰ ਅਹੁਦੇ ਤੋਂ ਹਟੇ ਹਨ। ਸੀ ਬੀ ਆਈ ਨੇ ਆਪਣੀ ਅਰਜ਼ੀ ਵਿੱਚਕਿਹਾ ਹੈ ਕਿ ਕਲਿਆਣ ਸਿੰਘ 2 ਸਤੰਬਰ 2014 ਨੂੰ ਗਵਰਨਰ ਦੇ ਅਹੁਦੇ ਉੱਤੇ ਨਿਯੁਕਤ ਹੋਏ ਸਨ ਅਤੇ ਉਨ੍ਹਾਂ ਦੇ 5 ਸਾਲ ਦਾ ਕਾਰਜਕਾਲ ਪੂਰਾ ਹੋ ਗਿਆ ਹੈ।

# ਪਾਕਿ ਦੇ ਵਿਕਾਸ ਪ੍ਰੋਜੈਕਟਾਂ ਲਈ ਚੀਨ ਇੱਕ ਅਰਬ ਡਾਲਰ ਦੇਵੇਗਾ

ਇਸਲਾਮਾਬਾਦ, 9 ਸਤੰਬਰ (ਪੋਸਟ ਬਿਊਰੋ)- ਚੀਨ ਪਾਕਿਸਤਾਨ ਦੇ ਵਿਕਾਸ ਪ੍ਰੋਜੈਕਟਾਂ ਵਿੱਚ ਇੱਕ ਅਰਬ ਡਾਲਰ ਦਾ ਨਿਵੇਸ਼ ਕਰਨ ਦੀ ਯੋਜਨਾ ਬਣਾ ਰਿਹਾ ਹੈ। ਪਾਕਿਸਤਾਨ ਵਿੱਚ ਚੀਨੀ ਰਾਜਦੂਤ ਯਾਓ ਜਿੰਗ ਨੇ ਇਹ ਜਾਣਕਾਰੀ ਦਿੱਤੀ ਹੈ। ਉਨ੍ਹਾਂ ਕਿਹਾ ਕਿ ਦੋਵੇਂ ਦੇਸ਼ ਦੁਵੱਲੇ ਸੰਬੰਧਾਂ ਨੂੰ ਹੋਰ ਮਜਬੂਤ ਕਰਨ ਲਈ ਕਦਮ ਉਠਾ ਰਹੇ ਹਨ।

ਇਸਲਾਮਾਬਾਦ ਵਿੱਚ ਵਿਮੈਨ ਚੈਂਬਰ ਆਫ ਕਾਮਰਸ ਐਂਡ ਇੰਡਸਟਰੀ (ਆਈ ਡਬਲਯੂ ਸੀ ਸੀ ਆਈ) ਵਿੱਚ ਇੱਕ ਵਫਦ ਨਾਲ ਗੱਲਬਾਤ ਦੌਰਾਨ ਜਿੰਗ ਨੇ ਕਿਹਾ ਕਿ ਚੀਨ-ਪਾਕਿਸਤਾਨ ਆਰਥਿਕ ਗਲਿਆਰੇ (ਸੀ ਪੀ ਈ ਸੀ) ਨਾਲ ਜੁੜੇ ਵਿਕਾਸ ਪ੍ਰੋਜੈਕਟਾਂ ਦਾ ਕੰਮ ਤਸੱਲੀ ਬਖਸ਼ ਹੈ। ਵਰਨਣ ਯੋਗ ਹੈ ਕਿ ਸੀ ਪੀ ਈ ਸੀ ਚੀਨੀ ਰਾਸ਼ਟਰਪਤੀ ਸ਼ੀ ਜਿਨ ਫਿੰਗ ਦੀ ਮਹੱਤਵ ਪੂਰਨ ਵਨ ਬੈਲਟ ਵਨ ਰੋਡ ਦੀ ਸਕੀਮ ਹੇਠ ਪ੍ਰਮੁੱਖ ਪ੍ਰੋਜੈਕਟ ਹੈ। ਇਹ ਚੀਨ ਦੇ ਸ਼ਿਨਜਿਆਂਗ ਸੂਬੇ ਨੂੰ ਬਲੋਚਿ-ਸਤਾਨ ਦੇ ਗਵਾਦਰ ਬੰਦਰਗਾਹ ਨਾਲ ਜੋੜਦਾ ਹੈ।

# ਇਸਰੋ ਵੱਲੋਂ ਅਪੀਲ: ਟਵਿੱਟਰ ਉੱਤੇ ਇਸਰੋ ਚੀਫ ਕੇ. ਸਿਵਨ ਦੇ ਜਾਅਲੀ ਅਕਾਊਂਟ ਤੋਂ ਬਚ ਕੇ ਰਹੋ

### * ਇਸਰੋ ਚੀਫ ਕੇ ਸਿਵਨ ਦਾ ਕੋਈ ਟਵਿੱਟਰ ਅਕਾਊਂਟ ਹੀ ਨਹੀਂ

ਨਵੀਂ ਦਿੱਲੀ, 9 ਸਤੰਬਰ, (ਪੋਸਟ ਬਿਊਰੋ)- ਭਾਰਤੀ ਪੁਲਾੜ ਖੋਜ ਸੰਗਠਨ (ਇਸਰੋ) ਦੇ ਚੀਫ ਕੇ.ਸਿਵਨਪਿਛਲੇ ਇਕ ਹਫ਼ਤੇ ਤੋਂ ਕਾਫ਼ੀ ਸੁਰਖੀਆਂ ਵਿੱਚ ਰਹੇ ਹਨ। ਉਨ੍ਹਾਂ ਦੀ ਅਗਵਾਈ ਵਿੱਚਭਾਰਤ ਨੇ ਚੰਦਰਯਾਨ ਮਿਸ਼ਨ ਦਾ ਇਤਿਹਾਸ ਰਚ ਦਿੱਤਾ ਹੈ। ਬੀਤੇ ਕੁਝ ਦਿਨਾਂ ਤੋਂ ਕੇ.ਸਿਵਨ ਦੇ ਨਾਂ ਨਾਲ ਸੋਸ਼ਲ ਮੀਡੀਆ, ਖਾਸ ਕਰ ਕੇ ਟਵਿੱਟਰ ਉੱਤੇ ਕਈ ਅਕਾਊਂਟ ਬਣਾਏ ਗਏ ਹਨ, ਜਿਸ ਵਿੱਚ ਲਗਾਤਾਰ ਟਵੀਟ ਹੁੰਦੇ ਸਨ।ਇਸਰੋ ਨੇ ਸਰਕਾਰੀ



ਬਿਆਨ ਦਿੱਤਾ ਹੈ ਕਿ ਅਸਲ ਵਿੱਚ ਕੇ. ਸਿਵਨ ਟਵਿੱਟਰ ਉੱਤੇ ਨਹੀਂ ਹਨ ਅਤੇ ਉਨ੍ਹਾਂ ਦੇ ਨਾਂ ਨਾਲ ਚੱਲਦੇ ਅਕਾਊਂਟ ਫਰਜ਼ੀ ਹਨ।

ਅੱਜ ਸੋਮਵਾਰ ਦੁਪਹਿਰ ਇਕ ਪ੍ਰੈੱਸ ਰਿਲੀਜ਼ ਵਿੱਚ ਇਸਰੋ ਨੇ ਕਿਹਾ ਕਿ ਨੋਟ ਕੀਤਾ ਗਿਆ ਹੈ ਕਿ ਸੋਸ਼ਲ ਮੀਡੀਆ ਉੱਤੇਕੇ. ਸਿਵਨ ਦੇ ਨਾਂ ਨਾਲ ਕਈ ਅਕਾਊਂਟ ਚੱਲਦੇ ਹਨ, ਜਿਨ੍ਹਾਂ ਉੱਤੇ ਉਨ੍ਹਾਂ ਦੀ ਫੋਟੋ ਵੀ ਲੱਗੀ ਹੈ। ਇਸਰੋ ਦਾ ਕਹਿਣਾ ਹੈ ਕਿ ਕੇ.ਸਿਵਨ ਦਾ ਸੋਸ਼ਲ ਮੀਡੀਆ ਉੱਤੇ ਕੋਈ ਪਰਸਨਲ ਅਕਾਊਂਟ ਨਹੀਂ ਹੈ, ਇਨ੍ਹਾਂ ਅਕਾਊਂਟਸ ਤੋਂ ਜੋ ਵੀ ਗੱਲਾਂ ਸਾਂਝੀਆਂ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਦੀ ਕੋਈ ਪੁਸ਼ਟੀ ਨਹੀਂ ਕੀਤੀ ਜਾ ਸਕਦੀ।

# ਨਕਲੀ ਪੁਲਸ ਵਾਲਾ ਬਣ ਕੇ ਠੱਗੀਆਂ ਮਾਰਨ ਵਾਲਾ ਗ੍ਰਿਫਤਾਰ

ਐਡੀਲੇਡ, 9 ਸਤੰਬਰ (ਪੋਸਟ ਬਿਊਰੋ)- ਸਾਊਥ ਆਸਟਰੇਲੀਆ ਦੇ ਸ਼ਹਿਰ ਐਡੀਲੇਡ 'ਚ ਜਾਅਲੀ ਪੁਲਸ ਵਾਲੇ ਬਣ ਕੇ ਕਾਰ ਚਾਲਕਾਂ ਨੂੰ ਡਰਾ ਕੇ ਠੱਗੀ ਮਾਰਨ ਵਾਲੇ ਦੋ ਜਾਅਲਸਾਜ਼ਾਂ 'ਚੋਂ ਇਕ ਪੁਲਸ ਨੇ ਫੜਿਆ ਤੇ ਇਕ ਫਰਾਰ ਹੋ ਗਿਆ ਹੈ, ਜਿਸ ਦੇ ਲਈ ਪੁਲਸ ਲੱਭਣ ਦੀ ਕਾਰਵਾਈ ਕਰ ਰਹੀ ਹੈ।

ਵਰਨਣ ਯੋਗ ਹੈ ਕਿ ਕੱਲ੍ਹ ਦੋ ਠੱਗਾਂ ਨੇ ਮੈਰੀਅਨ ਰੋਡ 'ਤੇ ਜਾਅਲੀ ਪਛਾਣ ਪੱਤਰ, ਬੈਚ, ਹੱਥਕੜੀ ਤੇ ਬੱਤੀ ਵਾਲੀ ਕਾਰ ਵਿਖਾ ਕੇ ਤਿੰਨ ਕਾਰ ਚਾਲਕਾਂ ਵਿੱਚੋਂ ਦੋ ਨਾਲ ਠੱਗੀ ਮਾਰ ਕੇ ਨਕਦੀ ਰਕਮ ਵਸੂਲ ਕਰ ਲਈ। ਇਨ੍ਹਾਂ ਦਾ ਸ਼ਿਕਾਰ ਪੰਜਾਬੀ ਨੌਜਵਾਨ ਮਨਵੀਰ ਸਿੰਘ ਵੀ ਹੋਇਆ, ਜਿਸ ਨੂੰ ਰੋਕ ਕੇ ਨਕਲੀ ਜੁਰਮਾਨੇ ਵਾਲਾ ਫਾਰਮ ਦਿੱਤਾ ਤੇ ਤੁਰੰਤ ਨਕਦ ਜੁਰਮਾਨਾ ਭਰਨ ਦੀ ਹਦਾਇਤ ਕੀਤੀ ਗਈ ਸੀ। ਉਨ੍ਹਾਂ ਕੋਲ ਹੱਥਕੜੀ, ਬੈਚ, ਬੱਤੀ ਵਾਲੀ ਕਾਰ ਵੇਖ ਕੇ ਮਨਵੀਰ ਘਬਰਾ ਗਿਆ ਤੇ ਡਰਦਿਆਂ 298 ਡਾਲਰ ਪੈਟਰੋਲ ਪੰਪ ਦੇ ਏ ਟੀ ਐਮ ਵਿੱਚੋਂ ਕਢਵਾ ਕੇ ਦੇ ਦਿੱਤੇ। ਫਿਰ ਉਸ ਨੂੰ ਜਾਅਲੀ ਪੇਪਰ ਹੋਰਨਾਂ ਨੂੰ ਵਿਖਾਉਣ 'ਤੇ ਠੱਗੀ ਵੱਜਣ ਦਾ ਅਹਿਸਾਸ ਹੋ ਗਿਆ।

ਇਕ ਹੋਰ ਵਿਅਕਤੀ ਨੂੰ ਵੀ ਇਹ ਜਾਅਲਸਾਜ਼ ਠੱਗੀ ਮਾਰਨ 'ਚ ਕਾਮਯਾਬ ਹੋਏ ਤੇ ਤੀਸਰੇ ਵਿਅਕਤੀ ਨੂੰ ਜਦੋਂ ਜੁਰਮਾਨਾ ਭਰਨ ਲਈ ਕਿਹਾ ਤਾਂ ਉਸ ਦੇ ਸਵਾਲਾਂ ਦੇ ਜਵਾਬ ਨਾ ਦੇ ਸਕਣ ਕਰਕੇ ਭੱਜ ਨਿਕਲੇ। ਪੁਲਸ ਨੂੰ ਇਨ੍ਹਾਂ ਦੋਵਾਂ 'ਚੋਂ ਇਕ ਗੋਰਾ ਨਕਲੀ ਪੁਲਸ ਵਾਲਾ ਠੱਗੀ ਦੇ ਕੇਸ 'ਚ ਗ੍ਰਿਫ਼ਤਾਰ ਕਰਨ 'ਚ ਕਾਮਯਾਬੀ ਹਾਸਲ ਕੀਤੀ ਤੇ ਦੂਸਰਾ ਫਰਾਰ ਹੋਣ 'ਚ ਸਫਲ ਰਿਹਾ, ਜਿਸ ਦੀ ਪੁਲਸ ਭਾਲ ਕਰ ਰਹੀ ਹੈ। ਪੁਲਸ ਨੇ ਅਜਿਹੇ ਜਾਅਲਸਾਜ਼ਾਂ ਤੋਂ ਬਚਣ ਲਈ ਜਾਣਕਾਰੀ ਮੁਹੱਈਆ ਕਰਦੇ ਹੋਏ ਅਜਿਹੇ ਵਿਅਕਤੀਆਂ ਸਬੰਧੀ ਨੇੜਲੇ ਪੁਲਸ ਸਟੇਸ਼ਨ 'ਤੇ ਜਾਣਕਾਰੀ ਦੇਣ ਲਈ ਆਖਿਆ।










**ਡੌਨ ਮਿਨੇਕਰ ਸੀਨੀਅਰ ਕਲੱਬ ਦੀ ਨਵੀਂ ਕਮੇਟੀ ਦੀ ਚੋਣ ਹੋਈ:** 8 ਸਤੰਬਰ ਨੂੰ ਡੌਨ ਮਿਨੇਕਰ ਸੀਨੀਅਰ ਕਲੱਬ ਬਰੈਂਪਟਨ ਦਾ ਸਾਲਾਨਾ ਸਮਾਗਮ ਹੋਇਆ। ਇਸ ਵਿਚ ਕਲੱਬ ਦੇ ਸਾਰੇ ਮੈਂਬਰ ਹਾਜ਼ਿਰ ਹੋਏ। ਇਸ ਦੌਰਾਨ ਪ੍ਰਧਾਨ ਅਮਰੀਕ ਸਿੰਘ ਕੁਮਰੀਆ ਨੇ ਸਾਲ ਦੀ ਆਮਦਨ ਤੇ ਖਰਚ ਦਾ ਹਿਸਾਬ ਦਿੱਤਾ ਅਤੇ ਆਪਣੀਆਂ ਪ੍ਰਾਪਤੀਆਂ ਬਾਰੇ ਦੱਸਿਆ। ਸਾਰਿਆਂ ਨੇ ਇਸ ਨੂੰ ਪਾਸ ਕਰ ਦਿੱਤਾ। ਇਸ ਤੋਂ ਬਾਅਦ ਪ੍ਰਧਾਨ ਨੇ ਆਪਣੀ ਕਾਰਜਕਾਰਨੀ ਭੰਗ ਕਰਨ ਦਾ ਐਲਾਨ ਕਰ ਦਿੱਤਾ ਤੇ ਨਵੀਂ ਕਮੇਟੀ ਚੁਣਨ ਦੀ ਬੇਨਤੀ ਕੀਤੀ। ਸਕੱਤਰ ਸੁਖਦੇਵ ਸਿੰਘ ਗਿੱਲ ਨੇ ਨਵੇਂ ਪ੍ਰਧਾਨ ਲਈ ਮੈਂਬਰਾਂ ਤੋਂ ਨਾਮ ਮੰਗੇ। ਸਾਰਿਆਂ ਨੇ ਮੁੜ ਅਮਰੀਕ ਸਿੰਘ ਕੁਮਰੀਆ ਨੂੰ ਪ੍ਰਧਾਨ ਚੁਣਨ ਲਈ ਸਰਬਸੰਮਤੀ ਦਿੱਤੀ। ਇਸ ਦੌਰਾਨ ਨਵੀਂ ਕਮੇਟੀ ਚੁਣ ਲਈ ਗਈ। ਅਮਰੀਕ ਸਿੰਘ ਕੁਮਰੀਆ ਪ੍ਰਧਾਨ, ਰਾਮ ਪ੍ਰਕਾਸ਼ ਪਾਲ ਮੀਤ ਪ੍ਰਧਾਨ, ਸੁਖਦੇਵ ਸਿੰਘ ਗਿੱਲ ਜਨਰਲ ਸਕੱਤਰ, ਜਗਦੇਵ ਸਿੰਘ ਗਰੇਵਾਲ ਖਜ਼ਾਨਚੀ ਅਤੇ ਗੁਰਬਖਸ਼ ਸਿੰਘ ਤੂਰ, ਗਿਆਨ ਸਿੰਘ ਸੰਘਾ, ਗੁਰਬਖਸ਼ ਸਿੰਘ ਭੁੱਲਰ, ਰੁਖਵੰਤ ਕੌਰ ਸੰਧੂ, ਸੁਖਦੇਵ ਕੌਰ ਮਾਨ ਡਾਇਰੈਕਟਰ ਚੁਣੇ ਗਏ, ਇਹ ਕਮੇਟੀ ਤਿੰਨ ਸਾਲ ਲਈ ਚੁਣੀ ਗਈ ਅਤੇ ਮੈਂਬਰਸ਼ਿਪ ਹਰ ਸਾਲ ਅਪ੍ਰੈਲ ਤੋਂ ਅਗਲੇ ਮਾਰਚ 'ਚ ਹੋਵੇਗੀ। ਹੋਰ ਜਾਣਕਾਰੀ ਲਈ 647 998 7253 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## 82 ਸਾਲਾ ਜਗਜੀਤ ਸਿੰਘ ਕਥੂਰੀਆ ਨੇ ਜਿੱਤੇ ਦੋ ਚਾਂਦੀ ਦੇ ਤਮਗੇ



ਔਕਲੈਂਡ, 9 ਸਤੰਬਰ (ਹਰਜਿੰਦਰ ਸਿੰਘ ਬਸਿਆਲਾ)- ਅਸਟਰੇਲੀਆ ਵਿਖੇ 31 ਅਗਸਤ ਤੋਂ 6 ਸਤੰਬਰ ਤੱਕ ਹੋਈ ਓਸ਼ੀਆਨਾ ਮਾਸਟਰ ਐਥਲੈਟਿਕਸ ਚੈਂਪੀਅਨਸ਼ਿੱਪ ਵਿਚ ਨਿਊਜ਼ੀਲੈਂਡ ਤੋਂ ਗਏ 82 ਸਾਲਾ ਸ. ਜਗਜੀਤ ਸਿੰਘ ਕਥੂਰੀਆ ਨੇ ਦੋ ਚਾਂਦੀ ਦੇ ਤਮਗੇ ਜਿੱਤ ਕੇ ਪੰਜਾਬੀਆਂ ਦਾ ਨਾਂਅ ਉਚਾ ਕੀਤਾ। ਪਹਿਲਾਂ ਤਮਗਾ ਉਨ੍ਹਾਂ 31 ਅਗਸਤ ਨੂੰ ਟ੍ਰਿਪਲ ਜੰਪ ਦੇ ਵਿਚ ਹਾਸਿਲ ਕੀਤਾ ਜਦ ਕਿ ਦੂਜਾ ਚਾਂਦੀ ਦਾ ਤਮਗਾ ਬੀਤੇ ਕੱਲ੍ਹ 3 ਕਿਲੋਮੀਟਰ ਪੈਦਲ ਕਦਮੀ ਦੇ ਵਿਚ ਹਾਸਿਲ ਕੀਤਾ। ਇਹ ਤਗਮੇ ਜਿੱਤ ਕੇ ਬਹੁਤ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਹੈ ਤੇ ਲੋਕਾਂ ਕਿਹਾ ਵਾਹ! ਬਾਪੂ ਜੀ ਤੁਸੀਂ ਤਾਂ ਆਸਟਰੇਲੀਆ ਪਹੁੰਚ ਨਿਊਜ਼ੀਲੈਂਡ ਦੇ ਝੰਡੇ ਗੱਡ ਦਿੱਤੇ। ਬਹੁਤ ਸਾਰੇ ਟੀ.ਵੀ. ਚੈਨਲਜ਼ ਨੇ ਇਨ੍ਹਾਂ ਦੀ ਇੰਟਰਵਿਊ ਕੀਤੀ ਹੈ।

# ਮਲੌਦ ਇਲਾਕਾ ਨਿਵਾਸੀਆਂ ਵੱਲੋਂ ਪਹਿਲੀ ਵਾਰ ਪਿਕਨਿਕ ਮਨਾਈ ਗਈ

ਬਰੈਂਪਟਨ (ਸੁਰਜੀਤ ਸਿੰਘ ਫਲੋਰਾ) ਬੀਤੇ ਹਫਤੇ ਮਲੌਦ ਇਲਾਕਾ ਨਿਵਾਸੀਆਂ ਵਲੋਂ ਬਰੈਂਪਟਨ ਦੇ ਹਾਰਟਲੇਕ ਪਾਰਕ ਵਿਖੇ ਸ੍ਰ. ਗੁਰਦਰਸ਼ਨ ਸਿੰਘ ਸੋਮਲ ਦੀ ਦੇਖ-ਰੇਖ ਅਤੇ ਪ੍ਰਧਾਨਗੀ ਹੇਠ ਪਹਿਲੀ ਪਿਕਨਿਕ ਬਹੁਤ ਹੀ ਧੂਮ-ਧਾਮ ਨਾਲ ਮਨਾਈ ਗਈ।

ਇਸ ਪਿਕਨਿਕ ਨੂੰ ਯਾਦਗਾਰੀ ਅਤੇ ਮਲੌਦ ਅਤੇ ਇਸ ਦੇ ਆਸ ਪਾਸ ਦੇ ਨਿਵਾਸੀਆਂ ਦੀਆਂ ਦੂਰੀਆਂ ਨੂੰ ਘਟਾ ਕੇ ਇਕ ਦੂਜੇ ਦੇ ਨਜਦੀਕ ਲਿਉਣ ਵਿਚ ਪ੍ਰਧਾਨ ਸੋਮਲ ਸਾਹਿਬ, ਖਜ਼ਾਨਚੀ ਬਲਵਿੰਦਰ ਸਿੰਘ ਮਦਨੀਪੁਰ, ਸੈਕਟਰੀ ਬਲਦੇਵ ਸਿੰਘ ਸੇਖਾ , ਮਾਲਵਿੰਦਰ ਸਿੰਘ ਸੇਖਾ, ਬਲਵਿੰਦਰ ਸਿੰਘ ਸੋਨੀ ਗਰੇਵਾਲ , ਤੇਜਿੰਦਰ ਸਿੰਘ ਮਦਨੀਪੁਰ , ਪ੍ਰਿਤਪਾਲ ਸਿੰਘ ਨੰਬਰਦਾਰ ਮਲੌਦ ਸਿਕੰਦਰ ਸਿੰਘ ਚੋਮੋ, ਪ੍ਰਿਤਪਾਲ ਸਿੰਘ ਅਤੇ ਬੇਅਤ ਸਿੰਘ ਚੋਮੋ, ਸ਼ਰਨਜੀਤ ਸਿੰਘ ਸਨੀ, ਹਨੀ ਸ਼ਰਮਾ ਬੇਰਕਲਾਂ, ਇੰਦਰਜੀਤ ਚੋਮੋ, ਕਰਮਜੀਤ ਸਿੰਘ ਸਰਪੰਚ ਗੋਸਲ, ਦਰਸ਼ਨ ਸਿੰਘ ਸੈਕਟਰੀ ਰੌਸ਼ੀਆਣਾ, ਫਰਜਿੰਦਰ ਸਿੰਘ ਨਵਾਂ ਪਿੰਡ, ਰਣਜੀਤ ਸਿੰਘ ਮਦਨੀਪੁਰ , ਮਹਿੰਦਰ ਸਿੰਘ ਸਰਪੰਚ ਸਹਾਰਨ ਮਾਜਰਾ, ਚਮਕੌਰ ਸਿੰਘ ਦੁਧਾਲ , ਬਲਦੇਵ ਸਿੰਘ ਸੋਹੀਆ, ਗੁਰਦੀਪ ਸਿੰਘ ਸੇਖਾ, ਮੋਹਨ ਸਿੰਘ ਚੋਮੋ ਆਦਿ ਨੇ ਪਿਕਨਿਕ ਨੂੰ ਸਫ਼ਲ ਬਣਾਉਣ ਵਿਚ ਪੂਰਾ ਪੂਰਾ ਸਹਿਯੋਗ ਦਿੱਤਾ।






ਪਿਕਨਿਕ ਨੂੰ ਮਨੋਰੰਨਜਨ ਅਤੇ ਭਰਭੁਰ ਬਣਾਉਣ ਲਈ , ਸਭ ਤੋ ਪਹਿਲਾਂ ਬੱਚਿਆਂ, ਬੀਬੀਆਂ ਅਤੇ ਬਜੁਰਗਾਂ ਦੀਆਂ ਦੌੜਾ ਕਰਵਾਇਆਂ ਗਇਆ। ਮਰਦਾਂ ਅਤੇ ਔਰਤਾਂ ਦੇ ਰੱਸਾਕਸ਼ੀ ਮੁਕਾਬਲੇ ਕਰਵਾਏ ਗਏ। ਚਾਟੀ ਦੌੜ ਦੇ ਨਾਲ ਨਾਲ ਚਮਚਾ ਦੌੜ ਮੁਕਾਬਲਿਆਂ ਦਾ ਸਭ ਨਿਵਾਸੀਆਂ ਵਲੋਂ ਬਹੁਤ ਹੀ ਦਿਲਚਸਪੀ ਨਾਲ ਅਨੰਦ ਮਾਣਿਆ। ਬੱਚਿਆਂ ਨੇ ਬੌਸਿੰਗ ਕੈਸਲ ਦਾ ਬਾਕਮਾਲ ਪ੍ਰਦਸ਼ਨ ਕੀਤਾ ਜਿਸ ਨੂੰ ਸਭ ਵਲੋਂ ਬਹੁਤ ਹੀ ਸਲਾਹਿਆਂ ਗਿਆ। ਖੇਡਾਂ ਨੂੰ ਸਫ਼ਲ ਬਣਾਉਣ ਲਈ ਡੀ,ਪੀ,ਸਿੰਘ ਸ਼ੇਰਗਿੱਲ ਅਤੇ ਸੋਨੀ ਗਰੇਵਾਲ ਵਲੋਂ ਪੂਰਨ ਸਹਿਯੋਗ ਦਿੱਤਾ ਗਿਆ।



ਬੀਬੀਆਂ ਨੇ ਪੰਜਾਬੀ ਸਭਿਆਚਾਰ ਨੂੰ ਬਰੈਂਪਟਨ 'ਚ ਕੈਨੇਡਾ ਦੀ ਧਰਤੀ ਤੇ ਬਰਕਰਾਰ ਰੱਖਣ ਲਈ ਬੋਲੀਆਂ ਅਤੇ ਗਿੱਧੇ ਦੀ ਧਮਾਲ ਮਚਾਈ। ਗੁਰਦਰਸ਼ਨ ਸਿੰਘ ਨੇ ਪਿਕਨਿਕ ਦੀ ਹੋਰ ਵੀ ਰੌਣਕ ਨੂੰ ਚਾਰ ਚੰਨ ਲਗਾਉਣ ਲਈ ਕਲਾਕਾਰ ਰੁਪਿੰਦਰ ਕੌਰ ਰਿੰਪੀ ਦਾ ਪ੍ਰਬੰਧ ਕੀਤਾ। ਜਿਸ ਨੇ ਆਪਣੇ ਗੀਤਾਂ-ਬੋਲੀਆਂ ਰਾਹੀਂ ਖੂਬ ਦਰਸ਼ਕਾਂ ਨੂੰ ਧਰਤੀ ਤੋਂ ਅੱਡੀ ਚੱਕਣ ਲਈ ਮਜਬੂਰ ਕਰਦੇ ਹੋਏ ਨੱਚਣ ਲਈ ਮਜਬੂਰ ਕਰ ਦਿੱਤਾ।

ਖੇਡਾਂ ਵਿਚ ਜੇਤੂਆਂ ਨੂੰ ਪ੍ਰਬੰਧਕਾਂ ਵਲੋਂ ਇਨਾਮ ਤੇ ਮੈਡਲ ਬਲਵਿੰਦਰ ਸਿੰਘ ਸੋਨੀ ਗਰੇਵਾਲ ਦੀ ਅਗਵਾਈ ਵਿਚ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ ਚਾਹ ਪਾਣੀ, ਖਾਣ ਪੀਣ ਦਾ ਖੁਲ੍ਹਾਂ ਪ੍ਰਬੰਧ ਕੀਤਾ ਹੋਇਆਂ ਸੀ।

ਇਸ ਵਿਚ ਵਿਸ਼ੇਸ਼ ਤੌਰ ਤੇ ਇੰਡੀਅਨ ਇੰਟਰਨੈਸਨਲ ਸੀਨੀਅਰਜ਼ ਕਲੱਬ ਦੇ ਪ੍ਰਧਾਨ ਮੱਘਰ ਸਿੰਘ ਹੰਸਰਾਂ ਮੀਤ ਪ੍ਰਧਾਨ ਮਰਦਾਨ ਸਿੰਘ ਗਰੇਵਾਲ ਅਤੇ ਬਲਵਿੰਦਰ ਸਿੰਘ ਸੰਧੂ ਆਦਿ ਵੀ ਸ਼ਾਮਿਲ ਹੋਏ।

ਆਖਿਰ ਤੇ ਰਲਮਿਲਾ ਕੇ ਮਲੌਧ ਵਾਲਿਆਂ ਦੀ ਇਹ ਪਹਿਲੀ ਪਿਕਨਿਕ ਇਕ ਲੰਬੀ ਨਿਵਾਸੀਆਂ ਦੇ ਮੇਲ ਜੋਲ ਦੀ ਦਾਸਤਾਂ ਦਿਲਾਂ ਤੇ ਛੱਡ ਗਈ ਅਤੇ ਸੋਮਲ ਸਾਹਿਬ ਨੇ ਸਭ ਦਾ ਧੰਨਵਾਦ ਕਰਦੇ ਹੋਏ ਅਗਲੇ ਸਾਲ ਲਈ ਇਸ ਤੋਂ ਵੱਡੇ ਇਕੱਠ ਦੀ ਕਾਮਨਾ ਕੀਤੀ।

ਬਰਾੜ ਗਰਾਜ ਡੋਰ
ਅਸੀਂ Repair ਕਰਦੇ ਹਾਂ:
Broken Springs
Cables & Rollers
Garage Door Openers
We Install
Garage Door Openers
• ਕਾਲ ਕਰੋ: 416-357-4082 •

ਹਵਾਈ ਸਫਰ ਨੂੰ ਸੁਹਾਵਣਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ
Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
▷ VISITOR TO CANADA INSURANCE
▷ TRAVEL OUT INSURANCE
▷ INTERNATIONAL STUDENT INSURANCE
▷ OTHER INSURANCE PRODUCTS
905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

"Quality is our strength."
SKYDOME GROUP OF COMPANIES
MINISTRY APPROVED SALVAGE INSPECTION STATION
WE DEAL WITH ALL INSURANCE COMPANIES
Body Centre
Specializing in:
Daljit Singh
President
308 Rutherford Road
Brampton
905-874-9878
Skydome Emission & Allignment Centre Inc.
210 Rutherford Rd., Brampton
905-450-9878
QUALITY USED CARS
STAFFORD TRUCK CENTRE
30 Stafford Dr., Brampton, Tel: 905-460-1414
HEAD OFFICE: 905-874-9878
Tol Free: 1-877-799-9878, www.skydomeauto.ca

KARTAR FURNITURE
ਫਰਨੀਚਰ ਦੀ ਦੁਨੀਆ ਦਾ
ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ
132"
88"
8 Seated Sofa
■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਮਾਲਟਨ ਨਗਰ ਕੀਰਤਨ ਦੌਰਾਨ ਪੰਜਾਬ ਦੇ ਹੜ੍ਹ ਪੀੜਤ ਲੋਕਾਂ ਲਈ ਵੱਡੀ ਰਕਮ ਇਕੱਤਰ





ਤਸਵੀਰਾਂ: ਕੰਵਲਜੀਤ ਕੰਵਲ





...ਪੰਨਾ 1 ਦਾ ਬਾਕੀ

ਨਗਰ ਕੀਰਤਨ ਦੀ ਵਿਸ਼ੇਸ਼ ਗੱਲ ਇਹ ਰਹੀ ਕਿ ਪਾਲਕੀ ਸਾਹਿਬ ਦੀ ਸਾਰੀ ਮਾਇਆ ਪੰਜਾਬ ਦੇ ਹੜ੍ਹ ਪੀੜਤ ਲੋਕਾਂ ਨੂੰ ਭੇਜੀ ਜਾਵੇਗੀ। ਆਮ ਤੌਰ 'ਤੇ ਇਹ ਮਾਇਆ 30-35 ਹਜ਼ਾਰ ਡਾਲਰ ਹੁੰਦੀ ਹੈ। ਪਰ ਇਸ ਵਾਰ 85 ਹਜ਼ਾਰ ਡਾਲਰ ਸੰਗਤ ਵਲੋਂ ਗੋਲਕ ਵਿਚ ਪਾਇਆ ਗਿਆ। ਗੁਰੂ ਘਰ ਦੇ ਮੁੱਖ ਸੇਵਾਦਾਰ ਸ. ਦਲਜੀਤ ਸਿੰਘ ਸੇਖੋਂ ਨੇ ਉਨ੍ਹਾਂ ਮੀਡੀਆ ਕਰਮੀਆਂ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਗੁਰੂ ਘਰ ਦੇ ਇਸ ਉਪਰਾਲੇ ਨੂੰ ਲੋਕਾਂ ਤੱਕ ਪਹੁੰਚਾਇਆ। ਬੀਤੇ ਦਿਨੀਂ ਗੁਰੂ ਘਰ ਵਲੋਂ ਮੀਡੀਆ ਕਰਮੀਆਂ ਨਾਲ ਮੀਟਿੰਗ ਕਰਕੇ ਪੰਜਾਬ ਦੇ ਹੜ੍ਹ ਪੀੜਤਾਂ ਲਈ 1 ਲੱਖ ਡਾਲਰ ਦੀ ਹਿਮਾਇਤ ਪਹੁੰਚਾਉਣ ਦਾ ਫੈਸਲਾ ਕੀਤਾ ਗਿਆ ਸੀ। ਸ. ਸੇਖੋਂ ਨੇ ਦੱਸਿਆ ਕਿ ਇਸ ਬੁੱਧਵਾਰ ਨੂੰ ਇਕ ਵਿਸ਼ੇਸ਼ ਮੀਟਿੰਗ ਕੀਤੀ ਜਾਵੇਗੀ, ਜਿਸ ਵਿਚ ਫੈਸਲਾ ਲਿਆ ਜਾਵੇਗਾ ਕਿ ਇਹ ਰਕਮ ਕਿਸ ਤਰ੍ਹਾਂ ਜਰੂਰਤਮੰਦ ਲੋਕਾਂ ਤੱਕ ਪਹੁੰਚਾਈ ਜਾਵੇਗੀ।

# ਪ੍ਰਮੁੱਖ ਪੱਤਰਕਾਰ ਰਵੀਸ਼ ਕੁਮਾਰ 'ਰੈਮਨ ਮੈਗਸੇਸੇ ਐਵਾਰਡ' ਨਾਲ ਸਨਮਾਨੇ ਗਏ



ਮਨੀਲਾ, 9 ਸਤੰਬਰ, (ਪੋਸਟ ਬਿਊਰੋ)- ਪ੍ਰਸਿੱਧ ਭਾਰਤੀ ਪੱਤਰਕਾਰ ਰਵੀਸ਼ ਕੁਮਾਰ ਨੂੰ ਸੋਮਵਾਰ ਨੂੰ 'ਏਸ਼ੀਆ ਦਾ ਨੋਬਲ ਐਵਾਰਡ' ਮੰਨੇ ਜਾਂਦੇ 'ਰੈਮਨ ਮੈਗਸੇਸੇ ਐਵਾਰਡ' ਨਾਲ ਸਨਮਾਨਿਤ ਕੀਤਾ ਗਿਆ। ਇਸ ਮੌਕੇ ਉਨ੍ਹਾਂ ਕਿਹਾ ਕਿ ਭਾਰਤੀ ਮੀਡੀਆ ਸੰਕਟ ਦੀ ਅਵਸਥਾ ਵਿਚ ਹੈ ਤੇ ਇਹ ਅਚਾਨਕ ਨਹੀਂ ਹੋਇਆ, ਯੋਜਨਾਬੱਧ ਢੰਗ ਨਾਲ ਇਸ ਤਰ੍ਹਾਂਕੀਤਾ ਗਿਆ ਹੈ। ਰੈਮਨ ਮੈਗਸੇਸੇ ਐਵਾਰਡ ਦੇ ਸਾਈਟੇਸ਼ਨ ਵਿਚ ਲਿਖਿਆ ਕਿ ਐੱਨ ਡੀ ਟੀ ਵੀ ਇੰਡੀਆ ਦੇ ਸੀਨੀਅਰ ਕਾਰਜਕਾਰੀ ਸੰਪਾਦਕ ਅਤੇ ਭਾਰਤ ਦੇ ਪ੍ਰਭਾਵਸ਼ਾਲੀ ਟੀ ਵੀ ਪੱਤਰਕਾਰਾਂ ਵਿਚੋਂ ਇਕ ਰਵੀਸ਼ ਕੁਮਾਰ (44) ਆਪਣੀਆਂ ਖਬਰਾਂ ਵਿਚ ਆਮ ਲੋਕਾਂ ਦੀਆਂ ਸਮੱਸਿਆਵਾਂ ਨੂੰ ਪਹਿਲ ਦਿੰਦੇ ਹਨ।

ਫਿਲੀਪੀਨ ਦੀ ਰਾਜਧਾਨੀ ਮਨੀਲਾ ਵਿਚ ਇਹ ਐਵਾਰਡ ਲੈਂਦੇ ਹੋਏ ਰਵੀਸ਼ ਕੁਮਾਰ ਨੇ ਕਿਹਾ, 'ਭਾਰਤੀ ਮੀਡੀਆ ਸੰਕਟ ਦੀ ਸਥਿਤੀ ਵਿਚ ਹੈ ਅਤੇ ਇਹ ਸੰਕਟ ਅਚਾਨਕ ਨਹੀਂ ਆਇਆ, ਯੋਜਨਾਬੱਧ ਤਰੀਕੇ ਨਾਲ ਇਹ ਸਭ ਕੁਝ ਕੀਤਾ ਗਿਆ ਹੈ।' ਉਨ੍ਹਾਂ ਨੇ ਕਿਹਾ ਕਿ ਮੀਡੀਆ ਦਾ ਮੁਲਾਂਕਣ ਕਰਨਾ ਸਭ ਤੋਂ ਵੱਧ ਮਹੱਤਵ ਪੂਰਨ ਹੋ ਗਿਆ ਹੈ। ਰਵੀਸ਼ ਸਮੇਤ ਪੰਜ ਲੋਕਾਂ ਨੂੰ ਇਹ ਐਵਾਰਡ ਦੇਣ ਦਾ ਐਲਾਨ ਕੀਤਾ ਗਿਆ ਸੀ। ਸਾਲ 2019 ਦੇ ਰੈਮਨ ਮੈਗਸੇਸੇ ਐਵਾਰਡ ਵਾਸਤੇ ਹੋਰ ਜੇਤੂਆਂ ਵਿਚ ਮਿਆਂਮਾਰ ਵਿੱਚੋਂ ਕੋ ਸਵੇ ਵਿਨ, ਥਾਈਲੈਂਡ ਵਿੱਚੋਂ ਅੰਗਖਾਨਾ ਨੀਲਾਪਿਜੀਤ, ਫਿਲੀਪੀਨ ਤੋਂ ਰੇਮੋਂਡੋ ਪੁਜੇਂਟੇ ਕਿਆਬਿਬ ਅਤੇ ਦੱਖਣੀ ਕੋਰੀਆ ਤੋਂ ਕਿਮ ਜੋਂਗ ਕੀ ਦਾ ਨਾਮ ਸ਼ਾਮਲ ਹੈ।

ਵਰਨਣ ਯੋਗ ਹੈ ਕਿ ਫਿਲੀਪੀਨਜ਼ ਦੇ ਸਭ ਤੋਂ ਵੱਕਾਰੀ ਰਾਸ਼ਟਰਪਤੀ ਰਹਿ ਚੁੱਕੇ ਰੇਮਨ ਡੇਲ ਫਿਏਰੋ ਮੈਗਸੇਸੇ ਦੇ ਨਾਮ ਉੱਤੇ 1957 ਵਿਚ ਇਹ ਐਵਾਰਡ ਸ਼ੁਰੂ ਕੀਤਾ ਗਿਆ ਸੀ। ਦੂਜੇ ਵਿਸ਼ਵ ਯੁੱਧ ਦੇ ਬਾਅਦ ਉਹ ਇਸ ਦੇਸ਼ ਦੇ ਤੀਜੇ ਰਾਸ਼ਟਰਪਤੀ ਸਨ। ਰੈਮਨ ਮੈਗਸੇਸੇ ਐਵਾਰਡ ਏਸ਼ੀਆ ਦਾ ਸਰਬ ਉੱਚ ਸਨਮਾਨ ਹੈ ਅਤੇ ਹਰ ਸਾਲ ਏਸ਼ੀਆ ਦੇ ਲੋਕਾਂ ਜਾਂ ਸੰਗਠਨਾਂ ਨੂੰ ਦਿੱਤਾ ਜਾਂਦਾ ਹੈ। ਬਿਹਾਰ ਦੇ ਜਿਤਵਾਰ-ਪੁਰ ਪਿੰਡ ਵਿਚ ਪੈਦਾ ਹੋਏ ਰਵੀਸ਼ ਕੁਮਾਰ ਸਾਲ 1996 ਵਿਚ ਨਵੀਂ ਦਿੱਲੀ ਟੈਲੀਵਿਜ਼ਨ ਨੈੱਟਵਰਕ (ਐੱਨ ਡੀ ਟੀ ਵੀ) ਨਾਲ ਜੁੜੇ ਸਨ ਅਤੇ ਰਿਪੋਰਟਰ ਦੇ ਤੌਰ ਉੱਤੇ ਕੰਮ ਕਰਦਿਆਂ ਅੱਗੇ ਵਧੇ ਸਨ। ਰਵੀਸ਼ ਕੁਮਾਰ ਚੈਨਲ ਉੱਤੇ 'ਪ੍ਰਾਈਮ ਟਾਈਮ' ਨਾਮ ਦਾ ਸਮਾਚਾਰ ਪ੍ਰੋਗਰਾਮ ਚਲਾਉਂਦੇ ਹਨ।

ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Karam Singh Punia<br>Gyan Singh; Angrej Singh |
| Office Admin | Priya Sodhi |
| Marketing Executives | Priya Sodhi<br>Kamaljeet Kaur |
| Graphic Designer | Satnam Singh |
| Photographer | Kanwaljit Singh Kanwal |
| Distributer | Aman Warraich |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
ਲੇਡੀਜ਼ ਇੰਸਟ੍ਰਕਟਰ
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
647-998-7500 ਬਲਵਿੰਦਰ

G MEDIA GROUP PRESENTS
RADIO RAMZ PUNJABI
an expression of the community
FROM APRIL 1ST, 2019
ON FM 91.9
EVERYDAY 1PM TO 2PM
HOST: Harjinder Singh Gill
Ramz Punjabi RADIO & TV
An expression of the community
647.400.6862 | RAMZPUNJABI@GMAIL.COM | WWW.RAMZPUNJABI.COM

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
BEST CANADIAN TRUCK & FORKLIFT TRAINING CENTRE
ਟਰੱਕ ਡਰਾਈਵਿੰਗ ਦੀ ਟ੍ਰੇਨਿੰਗ ਹਰ ਰੋਜ ਦਿਤੀ ਜਾਂਦੀ ਹੈ
Open Seven Days
AZ Tractor trailer program
Manual transmission & backup training everyday
We welcome welfare workers & compensation clients
Forklift Re-Certification Only $69.00/-
Karnail Singh
416.670.3173 | 905.799.7333
27 Edvac Dr, Brampton, ON L6S 5X8

Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com

AZ ਡਰਾਇਵਰਾਂ ਦੀ ਲੋੜ ਹੈ
New Drivers are welcome
• ਵਧੀਆ ਤਨਖਾਹ
• ਆਟੋਪਾਰਟਸ ਲਈ
• ਆਟੋਮੈਟਿਕ ਟਰੱਕ
ਟੀਮ ਡਰਾਇਵਰਾਂ ਦੀ USA ਲਈ ਡੈਡੀਕੇਟਡ ਰਨ ਲਈ ਲੋੜ ਹੈ
647.456.8520 | 416.904.0715

Action Kitchen & Bath Inc
MANUFACTURE OF FINE CUSTOM KITCHEN AND BATH VANITIES
BUY DIRECT FROM THE FACTORY AND SAVE
ਬਹੁਤ ਹੀ ਘੱਟ ਰੇਟ ਤੇ ਆਪਣੀ ਕਿਚਨ ਬਣਵਾਉ
SPECIAL DISCOUNT FOR CONTRACTORS
Custom Kitchen & Vanities • Granite Countertops
Complete Kitchen & Bathroom Renovations
3D Computer Design
We will beat any written quote by 10%
Call for FREE In-Home Estimate
905-799-7277 or 1-800-536-2480
Mon - Fri : 9am to 6pm Sat: 11am - 4pm
Sun: APPOINTMENT ONLY
actionkitchen@live.ca
www.actionkitchen.ca
8 Starthern Ave, Unit 1 & 2, Brampton (South of Steeles facing Dixie)

PUNJABI RANG RADIO
CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

# ਆਪਣੀ ਧਰਤੀ ਦੀ ਖਿੱਚ -ਡਾ. ਸ.ਸ.ਛੀਨਾ

ਸਾਡੇ ਡੈਲੀਗੇਸ਼ਨ ਨੇ ਮੁਲਤਾਨ ਤੋਂ ਕਰਾਚੀ ਜਾਣਾ ਸੀ ਅਤੇ ਇਹ ਤਕਰੀਬਨ 900 ਕੁ ਕਿਲੋਮੀਟਰ ਤੋਂ ਉਪਰ ਸਫਰ ਸੀ। ਕਾਰਾਂ ਜਾਂ ਬੱਸਾਂ ਰਾਹੀਂ ਤਾਂ 15, 16 ਘੰਟੇ ਲੱਗ ਜਾਣੇ ਸਨ ਪਰ ਇਸ ਲਈ ਹਵਾਈ ਜਹਾਜ ਰਾਹੀਂ ਜਾਣ ਦਾ ਪ੍ਰਬੰਧ ਕੀਤਾ ਹੋਇਆ ਸੀ। ਸ਼ਾਮ ਨੂੰ ਚਲ ਕੇ ਅਸੀਂ ਕੋਈ 1-1/2 ਘੰਟੇ ਵਿਚ ਹੀ ਕਰਾਚੀ ਪਹੁੰਚ ਗਏ। ਕਰਾਚੀ ਸ਼ਹਿਰ ਬਾਰੇ ਅਸੀਂ ਬਚਪਨ ਤੋਂ ਹੀ ਬਹੁਤ ਕੁਝ ਸੁਣਦੇ ਰਹੇ ਸਾਂ। ਇਹ ਇਕ ਬਹੁਤ ਵੱਡਾ ਸ਼ਹਿਰ ਹੈ। ਮੈਨੂੰ ਯਾਦ ਹੈ ਸਾਡੇ ਰਿਸ਼ਤੇ ਵਿਚੋਂ ਸਾਡੇ ਤਾਇਆ ਜੀ, ਇਥੋਂ ਦੀ ਮਿਉਂਸਪਲ ਕਮੇਟੀ ਦੇ ਮੁਲਾਜਮ ਸਨ ਅਤੇ ਉਹ ਆਪਣੀ ਗਲਬਾਤ ਵਿਚ ਇਸ ਸ਼ਹਿਰ ਦੀਆਂ ਰਗੀਨੀਆਂ ਅਤੇ ਵਿਸ਼ਾਲਤਾ ਬਾਰੇ ਕਾਫੀ ਕੁਝ ਦੱਸਦੇ ਹੁੰਦੇ ਸਨ। ਏਅਰਪੋਰਟ ਤੇ ਆਪੋ ਆਪਣਾ ਸਮਾਨ ਲੈਂਦਿਆਂ ਸਾਨੂੰ ਕਾਫੀ ਸਮਾਂ ਲੱਗ ਗਿਆ, ਇਸ ਵਕਤ ਅੱਧੀ ਰਾਤ ਦਾ ਸਮਾਂ ਸੀ ਪਰ ਏਅਰਪੋਰਟ ਤੇ ਯਾਤਰੀਆਂ ਦੇ ਆਉਣ ਅਤੇ ਜਾਣ ਕਰਕੇ, ਪੂਰੀ ਗਹਿਮਾਂ ਗਹਿਮ ਸੀ। ਕੋਈ ਯਾਤਰੀ ਆਪਣਾ ਸਮਾਨ ਲੈ ਕੇ ਅੰਦਰ ਨੂੰ ਜਾ ਰਿਹਾ ਸੀ, ਕੋਈ ਬਾਹਰ ਨੂੰ ਆ ਰਿਹਾ ਸੀ। ਟੈਕਸੀਆਂ ਦਾ ਆਉਣਾ ਜਾਣਾ ਜਾਰੀ ਸੀ। ਕਰਾਚੀ ਦੀਆਂ ਸੜਕਾਂ ਤੇ ਪੂਰੀ ਗਹਿਮਾਂ ਗਹਿਮ ਸੀ। ਕਾਫੀ ਕਾਰਾਂ, ਟੈਕਸੀਆਂ ਇਕ ਤੋਂ ਦੂਸਰੀ ਤਰਫ ਆ ਜਾ ਰਹੀਆਂ ਸਨ। ਸ਼ਹਿਰ ਦੀਆਂ ਬਹੁਤ ਸਾਰੀਆਂ ਦੁਕਾਨਾਂ ਅਜੇ ਵੀ ਖੁਲ੍ਹੀਆਂ ਹੋਈਆਂ ਸਨ। ਬੀਚ ਪਲਇਜਰ ਹੋਟਲ, ਏਅਰਪੋਰਟ ਤੋਂ ਕੋਈ 15 ਕੁ ਕਿਲੋਮੀਟਰ ਦੂਰ ਸੀ ਅਤੇ ਸਾਨੂੰ ਉਥੇ ਪਹੁੰਚਣ ਲਈ 20-25 ਮਿੰਟ ਲੱਗ ਗਏ।

ਇਹ ਹੋਟਲ ਇਕ ਬਹੁਤ ਵੱਡੀ ਝੀਲ ਦੇ ਕਿਨਾਰੇ ਬਣਿਆ ਹੋਇਆ ਸੀ ਇਕ ਤਰਫ ਪਾਣੀ ਹੀ ਪਾਣੀ ਦੂਰ ਤੱਕ ਨਜ਼ਰ ਆਉਂਦਾ ਸੀ। ਸਾਡਾ ਸਮਾਨ ਸਾਡੇ ਕਮਰਿਆਂ ਵਿਚ ਰੱਖਿਆ ਜਾ ਰਿਹਾ ਸੀ। ਹੋਟਲ ਦੇ ਲਾਅਨ ਵਿਚ ਦੋ ਆਦਮੀ ਮੇਜ ਦੇ ਇਰਦ-ਗਿਰਦ ਬੈਠੇ ਹੋਏ ਸਨ। ਉਹਨਾਂ ਨੇ ਮੈਨੂੰ ਵੇਖ ਕੇ ਆਵਾਜਾਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ। ''ਸਰਦਾਰ ਜੀ ਆਉ, ਸਰਦਾਰ ਜੀ ਆਉ''

ਅਤੇ ਮੈਂ ਤੁਰਦਾ ਤੁਰਦਾ ਉਹਨਾਂ ਕੋਲ ਪਹੁੰਚ ਗਿਆ।

ਮੇਜ ਤੇ ਉਹਨਾਂ ਦੇ ਸਾਹਮਣੇ ਕੋਈ ਅੱਧੀ ਕੁ ਬੋਤਲ ਸ਼ਰਾਬ ਪਈ ਹੋਈ ਸੀ ਉਹਨਾਂ ਦੇ ਗਿਲਾਸਾਂ ਵਿਚ ਵੀ ਸ਼ਰਾਬ ਸੀ ਮੈਂ ਇਹ ਵੇਖ ਕੇ ਹੈਰਾਨ ਹੋ ਰਿਹਾ ਸਾਂ ਕਿਉਂ ਜੋ ਪਾਕਿਸਤਾਨ ਵਿਚ ਸ਼ਰਾਬ ਦੀ ਮਨਾਹੀ ਹੈ। ਫਿਰ ਇਸ ਤਰ੍ਹਾਂ ਮੇਜ ਤੇ ਬੋਤਲ ਟਿਕਾ ਕੇ ਸ਼ਰਾਬ ਪੀਣ ਦਾ ਸੀਨ ਤਾਂ ਪਹਿਲੀ ਵਾਰੀ ਹੀ ਵੇਖ ਰਿਹਾ ਸਾਂ। ਭਾਵੇਂ ਕਿ ਗੈਰ ਮੁਸਲਿਆਂ ਨੂੰ ਪਰਮਿਟ ਤੇ ਸ਼ਰਾਬ ਪੀਣ ਦੀ ਖੁਲ੍ਹ ਸੀ ਪਰ ਉਹ ਵੀ ਇਸ ਤਰ੍ਹਾਂ ਸ਼ਰਾਬ ਨਹੀਂ ਸਨ ਪੀਂਦੇ।

ਮੈਂ ਉਹਨਾਂ ਦੇ ਕੋਲ ਬੈਠ ਗਿਆ ''ਸਰਦਾਰ ਜੀ ਕਿਥੋਂ ਆਏ ਹੋ'' ਮੇਰੇ ਦੱਸਣ ਤੇ ਕਿ ਮੈਂ ਅੰਮ੍ਰਿਤਸਰ ਤੋਂ ਆਇਆ ਹਾਂ ਉਹਨਾਂ ਵਿਚੋਂ ਇਕ ਕਹਿਣ ਲੱਗਾ ਕਿ ''ਲਉ ਅਸੀਂ ਤਾਂ ਗੁਆਂਢੀ ਭਰਾ ਹਾਂ, ਮੈਂ ਲਹੌਰ ਤੋਂ ਹਾਂ, ਅੰਮ੍ਰਿਤਸਰ ਅਤੇ ਲਹੌਰ ਇਕੋ ਗੱਲ ਹੈ। ਪਾਉ ਪੈਗ ਸਰਦਾਰ ਜੀ ਲਈ''। ਪਰ ਮੈਂ ਉਹਨਾਂ ਨੂੰ ਕਿਹਾ ਕਿ ਮੈਂ ਤਾਂ ਸ਼ਰਾਬ ਪੀਂਦਾ ਨਹੀਂ ਤਾਂ ਫਿਰ ਉਹ ਕਹਿਣ ਲੱਗਾ ''ਇਹ ਕਿਸ ਤਰ੍ਹਾਂ ਹੋ ਸਕਦਾ ਹੈ ਅਸੀਂ ਪੰਜਾਬੀ ਤਾਂ ਸ਼ਰਾਬ ਤੋਂ ਬਗੈਰ ਰਹਿ ਹੀ ਨਹੀਂ ਸਕਦੇ। ਸਰਦਾਰ ਜੀ ਤੁਸੀਂ ਤੇ ਸਾਡੇ ਗੁਆਂਢੀ ਭਰਾ ਹੋ, ਤੁਹਾਨੂੰ ਤਾਂ ਪੀਣੀ ਹੀ ਪੈਣੀ ਹੈ'', ਜਦੋਂ ਦੂਸਰਾ ਵਿਅਕਤੀ ਇਕ ਗਲਾਸ ਵਿਚ ਸ਼ਰਾਬ ਪਾਉਣ ਲੱਗਾ ਤਾਂ ਮੈਂ ਫਿਰ ਕਿਹਾ ਕਿ ਮੈਂ ਨਹੀਂ ਪੀਂਦਾ ਤਾਂ ਉਹ ਵੀ ਕਹਿਣ ਲੱਗਾ, ''ਸਰਦਾਰ ਜੀ, ਕੋਈ ਫਰਕ ਨਹੀਂ ਪੈਂਦਾ, ਤੁਸੀਂ ਤਾਂ ਸਾਡੇ ਭਰਾ ਹੋ'', ਉਹ ਵੀ ਪੰਜਾਬੀ ਬੋਲ ਰਿਹਾ ਸੀ। ਫਿਰ ਉਹ ਪੁਛਣ ਲੱਗਾ ''ਸਰਦਾਰ ਜੀ ਲਹੌਰ ਵਧੀਆ ਹੈ ਕਿ ਅੰਮ੍ਰਿਤਸਰ'' ਮੈਂ ਅੰਦਾਜਾ ਲਾਇਆ ਕਿ ਇਹਨਾਂ ਪੀਤੀ ਹੋਈ ਹੈ ਪਤਾ ਨਹੀਂ ਕਿਹੋ ਜਿਹਾ ਜਵਾਬ ਸਮਝਦੇ ਹੋਣਗੇ। ਮੈਂ ਕਹਿ ਦਿੱਤਾ ''ਦੋਵੇਂ ਸ਼ਹਿਰ ਇਕੋ ਜਿਹੇ ਹਨ'' ਤਾਂ ਉਹ ਕਹਿਣ ਲੱਗਾ ''ਸਰਦਾਰ ਜੀ ਇਹ ਗਲ ਤਾਂ ਨਹੀਂ, ਕਿਥੇ ਲਹੌਰ ਤੇ ਕਿਥੇ ਅੰਮ੍ਰਿਤਸਰ। ਮੈਂ ਬੜੀ ਕਸੂਤੀ ਸਥਿਤੀ ਵਿਚ ਸਾਂ। ਮੈਨੂੰ ਇਕ ਤਰਕੀਬ ਸੁਝੀ ਅਤੇ ਮੈਂ ਉਹਨਾਂ ਨੂੰ ਕਿਹਾ ''ਠੀਕ ਹੈ ਪਰ ਮੈਂ ਆਪਣਾ ਸਮਾਨ ਪਹਿਲੋਂ ਆਪਣੇ ਕਮਰੇ ਵਿਚ ਰੱਖ ਆਵਾਂ'' ਅਤੇ ਮੈਂ ਤੇਜ਼ੀ ਨਾਲ ਉਥੋਂ ਰਿਸੈਪਸ਼ਨ ਵਲ ਆ ਗਿਆ। ਉਸ ਵਕਤ ਰਾਤ ਦੇ 2 ਕੁ ਵਜੇ ਦਾ ਸਮਾਂ ਸੀ ਅਤੇ ਡੇਲੀਗੇਸ਼ਨ ਦਾ ਇੰਚਾਰਜ ਮਿਸਟਰ ਸਬੂਰ ਸਾਨੂੰ ਚਿਤਾਵਨੀ ਦੇ ਰਿਹਾ ਸੀ ਕਿ ਸਾਰੇ ਸਵੇਰੇ 7-1/2 ਵਜੇ ਤੱਕ ਤਿਆਰ ਹੋ ਜਾਣਾਂ ਕਿਉਂ ਜੋ ਹੈਦਰਾਬਾਦ ਜਾ ਕੇ ਰਾਤ ਫਿਰ ਵਾਪਿਸ ਆਉਣਾ ਹੈ ਅਤੇ ਇਹ ਕੋਈ 175 ਕਿਲੋਮੀਟਰ ਦਾ ਸਫਰ ਹੈ।

ਦੂਸਰੇ ਦਿਨ ਹੈਦਰਾਬਾਦ ਜਾਣ ਤੋਂ ਪਹਿਲਾਂ ਮੈਂ ਬਰੇਕਫਾਸਟ ਕਰ ਕੇ, ਆਪਣੀ ਚਾਹ ਦਾ ਕੱਪ ਹੱਥ ਵਿਚ ਲੈ ਕੇ ਝੀਲ ਦੀ ਤਰਫ ਚਲਾ ਗਿਆ। ਝੀਲ ਦੇ ਕੰਢੇ ਤੇ ਖੜੇ ਦਰਖਤਾਂ ਤੇ ਪੰਛੀਆਂ ਦੀਆਂ ਵੱਖ-ਵੱਖ ਤਰ੍ਹਾਂ ਦੀਆਂ ਆਵਾਜਾਂ ਆ ਰਹੀਆਂ ਸਨ ਅਤੇ ਉਹਨਾਂ ਦੀ ਛਾਂ ਦੂਰ-ਦੂਰ ਤੱਕ ਫੈਲੀ ਹੋਈ ਸੀ। ਮੈਂ ਮਗਰ ਮੁੜ ਕੇ ਵੇਖਿਆ ਤਾਂ ਇਕ ਪੁਲਿਸ ਅਫ਼ਸਰ ਮੇਰੇ ਤੋਂ ਕੁਝ ਦੂਰ ਖੜ੍ਹਾ ਸੀ ਅਤੇ ਮੇਰੇ ਵੱਲ ਦਿਲਚਸਪੀ ਨਾਲ ਵੇਖ ਰਿਹਾ ਸੀ। ਮੈਨੂੰ ਲਗਾ ਜਿਵੇਂ ਉਹ ਮੇਰੇ ਨਾਲ ਕੋਈ ਗੱਲ ਕਰਨੀ ਚਾਹੁੰਦਾ ਹੈ ਅਤੇ ਠੀਕ ਹੀ ਜਦੋਂ ਮੈਂ ਉਸ ਵਲ ਕੁਝ ਕਦਮ ਤੁਰਿਆ ਤਾਂ ਉਹ ਮੇਰੇ ਕੋਲ ਆ ਕੇ ਪੁੱਛਣ ਲੱਗਾ ''ਸਰਦਾਰ ਜੀ, ਚੜ੍ਹਦੇ ਪੰਜਾਬ ਦੇ ਲਗਦੇ ਹੋ, ਕਿਥੋਂ ਆਏ ਹੋ'' ਮੇਰੇ ਅੰਮ੍ਰਿਤਸਰ ਦੱਸਣ ਤੇ ਉਹ ਕਹਿਣ ਲੱਗਾ ਕਿ ''ਭਾਵੇਂ ਮੇਰਾ ਜਨਮ ਤਾਂ ਕਰਾਚੀ ਦਾ ਹੈ ਪਰ ਸਾਡੇ ਵੱਡਿਆਂ ਦਾ ਪਿੰਡ ਵੀ ਅੰਮ੍ਰਿਤਸਰ ਜਿਲ੍ਹੇ ਵਿਚ ਸੀ। ਅਸੀਂ ਵੰਡ ਤੋਂ ਬਾਅਦ ਉਥੋਂ ਆਏ ਸਾਂ। ਸਾਡਾ ਪਿੰਡ ਘਰਿਆਲਾ ਸੀ ਜੋ ਅੱਜ ਕੱਲ ਅੰਮ੍ਰਿਤਸਰ ਜਿਲ੍ਹੇ ਵਿਚ ਹੈ। ਮੇਰੇ ਬਾਪ, ਚਾਚੇ, ਤਾਏ ਤਾਂ ਹਮੇਸ਼ਾ ਅਜੇ ਵੀ ਅੰਮ੍ਰਿਤਸਰ ਦੀਆਂ ਗੱਲਾਂ ਹੀ ਕਰਦੇ ਰਹਿੰਦੇ ਹਨ। ਉਹ ਕਹਿੰਦੇ ਹਨ ''ਉਧਰ ਤਾਂ ਇਹ ਸੀ, ਉਧਰ ਉਹ ਸੀ, ਉਹ ਤਾਂ ਹਮੇਸ਼ਾ ਆਪਣੇ ਪਿੰਡ ਅਤੇ ਆਪਣੇ ਇਲਾਕੇ ਨੂੰ ਹੀ ਸਲਾਹੁੰਦੇ ਰਹਿੰਦੇ ਹਨ। ਅਸਲ ਵਿਚ ਉਹ ਆਪਣੇ ਪਿੰਡ ਅਤੇ ਇਲਾਕੇ ਨੂੰ ਯਾਦ ਕਰਕੇ ਉਦਾਸ ਵੀ ਹੋ ਜਾਂਦੇ ਹਨ, ਜਿਵੇਂ ਉਹਨਾਂ ਜ਼ਿੰਦਗੀ ਵਿਚ ਬਹੁਤ ਕੁਝ ਗਵਾ ਲਿਆ ਹੋਵੇ, ਤੁਸੀਂ ਕਿੰਨਾ ਚਿਰ ਇਥੇ ਹੋ ਮੈਂ ਤੁਹਾਨੂੰ ਉਹਨਾਂ ਨਾਲ ਮਿਲਾਵਾਂਗਾ ..................।'' ਉਸ ਦੀਆਂ ਗੱਲਾਂ ਬਹੁਤ ਦਿਲਚਸਪ ਸਨ। ਮੈਂ ਵੀ ਕਰਨੀਆਂ ਚਾਹੁੰਦਾ ਸਾਂ ਪਰ ਮੇਰੇ ਤੋਂ ਇਲਾਵਾ ਹਰ ਕੋਈ ਛੋਟੀਆਂ ਬੱਸਾਂ ਵਿਚ ਬੈਠ ਚੁੱਕਾ ਸੀ ਅਤੇ ਮੈਂ ਉਸ ਕੋਲੋਂ ਛੁੱਟੀ ਲੈ ਕੇ ਆਪਣੀ ਸੀਟ ਤੇ ਆ ਕੇ ਬੈਠ ਗਿਆ।

ਕਰਾਚੀ ਸ਼ਹਿਰ ਬਹੁਤ ਦੂਰ ਦੂਰ ਤੱਕ ਫੈਲਿਆ ਹੋਇਆ ਸੀ। ਸਾਨੂੰ ਕਰਾਚੀ ਤੋਂ ਬਾਹਰ ਨਿਕਲਦਿਆਂ ਹੀ ਅੱਧਾ ਘੰਟਾ ਲੱਗ ਗਿਆ। ਇਹ ਸ਼ਹਿਰ ਸਿੰਧ ਪ੍ਰਾਂਤ ਦੀ ਰਾਜਧਾਨੀ ਹੈ। ਸਿੰਧ ਪ੍ਰਾਂਤ ਦੀ ਕੁਲ ਅਬਾਦੀ 4.50 ਕਰੋੜ ਹੈ ਜਿਸ ਵਿਚੋਂ 33ਵੀਂ ਸਦੀ 1.50 ਕਰੋੜ ਤਾਂ ਇਕੱਲੇ ਕਰਾਚੀ ਸ਼ਹਿਰ ਵਿਚ ਹੀ ਰਹਿੰਦੀ ਹੈ। ਇਹ ਸ਼ਹਿਰ ਪਾਕਿਸਤਾਨ ਦੀ ਸਭ ਤੋਂ ਵੱਡੀ ਬੰਦਰਗਾਹ ਹੈ ਜਿਥੋ ਜ਼ਿਆਦਾਤਰ ਦੇਸ਼ਾਂ ਨਾਲ ਇਸਦਾ ਅੰਤਰਰਾਸ਼ਟਰੀ ਵਪਾਰ ਹੁੰਦਾ ਹੈ। ਇਸ ਸ਼ਹਿਰ ਦੀ ਵਸੋਂ ਅਤੇ ਵਪਾਰ ਕਰ ਕੇ ਕਿਹਾ ਜਾਂਦਾ ਹੈ ਕਿ ਪਾਕਿ-ਸਤਾਨ ਵਿਚ ਇਕਠੇ ਹੋਏ ਕੁਲ ਟੈਕਸ ਵਿਚੋਂ 17ਵੀਂ ਸਦੀ ਤਾਂ ਇਕੱਲੇ ਕਰਾਚੀ ਵਿਚੋਂ ਹੀ ਇਕੱਠਾ ਹੁੰਦਾ ਹੈ। 1947 ਵਿਚ ਜਦੋਂ ਪਾਕਿਸਤਾਨ ਇਕ ਵੱਖਰਾ ਦੇਸ਼ ਬਣਿਆ ਸੀ ਤਾਂ ਕਰਾਚੀ, ਪਾਕਿ-ਸਤਾਨ ਦੀ ਰਾਜਧਾਨੀ ਬਣੀ ਸੀ ਜੋ 1960 ਤੱਕ ਰਹੀ। ਜਦੋਂ ਕਿ ਇਸਲਾਮਾਬਾਦ ਨੂੰ ਉਸ ਦੇਸ਼ ਦੀ ਰਾਜਧਾਨੀ ਬਣਾ ਲਿਆ ਗਿਆ। ਇਸ ਸ਼ਹਿਰ ਨੂੰ ਕਾਇਦੇ ਆਜਮ ਦਾ ਸ਼ਹਿਰ ਵੀ ਕਿਹਾ ਜਾਂਦਾ ਹੈ ਕਿਉਂ ਜੋ ਮੁਹੰਮਦ ਅਲੀ ਜਿਨਾਹ ਵੀ ਇਸ ਸ਼ਹਿਰ ਨਾਲ ਸੰਬੰਧਿਤ ਸਨ ਅਤੇ 1948 ਵਿਚ ਜਦ ਉਹਨਾਂ ਦੀ ਮੌਤ ਹੋਈ ਤਾਂ ਉਹਨਾਂ ਨੂੰ ਇਸ ਸ਼ਹਿਰ ਵਿਚ ਹੀ ਦਫਨਾਇਆ ਗਿਆ ਸੀ, ਉਨਾਂ ਦੇ ਮਕਬਰੇ ਨੂੰ ਅੱਜ ਕਲ ਯਾਤਰੀ ਵੇਖਣ ਜਾਂਦੇ ਹਨ।

ਹੈਦਰਾਬਾਦ ਸਿੰਧ ਦਾ ਦੂਸਰਾ ਵੱਡਾ ਸ਼ਹਿਰ ਹੈ ਜਿਸਦੀ ਅਬਾਦੀ ਕੋਈ 20 ਲੱਖ ਦੇ ਕਰੀਬ ਹੈ ਅਤੇ ਇਸ ਤਰ੍ਹਾਂ ਸਿੰਧ ਦੀ ਜ਼ਿਆਦਾਤਰ ਅਬਾਦੀ ਤਾਂ ਇਨ੍ਹਾਂ ਦੋ ਸ਼ਹਿਰਾਂ ਵਿਚ ਹੀ ਰਹਿੰਦੀ ਹੈ। ਜਦੋਂ ਅਸੀਂ ਕਰਾਚੀ ਤੋਂ ਹੈਦਰਾਬਾਦ ਵੱਲ ਜਾ ਰਹੇ ਸਾਂ ਤਾਂ ਅਸੀਂ ਵੇਖਿਆ ਕਿ ਜਿਥੋਂ ਤੱਕ ਵੀ ਨਜ਼ਰ ਜਾਂਦੀ ਸੀ ਨਾ ਤਾਂ ਕੋਈ ਫਸਲ ਨਜਰ ਆਉਂਦੀ ਸੀ, ਨਾ ਪਾਣੀ। ਸਿਰਫ ਲਾਲ ਜਹੇ ਰੰਗ ਦੀ ਕਰੜੀ ਜਿਹੀ ਮਿੱਟੀ ਦੂਰ-ਦੂਰ ਤੱਕ ਨਜ਼ਰ ਆਉਂਦੀ ਸੀ। ਘਾਹ ਦੀ ਤਾਂ ਇਕ ਤਿੜ ਵੀ ਨਜ਼ਰ ਨਹੀਂ ਸੀ ਆਉਂਦੀ। ਮੈਂ ਇਸ ਜਮੀਨ ਦਾ ਆਪਣੇ ਇਲਾਕੇ ਦੀ ਜਮੀਨ ਨਾਲ ਮੁਕਾਬਲਾ ਕਰ ਰਿਹਾ ਸਾਂ ਅਤੇ ਇਹ ਮੈਨੂੰ ਇਹ ਗੱਲ ਵੀ ਸਪੱਸ਼ਟ ਹੋਈ ਕਿ ਸਿੰਧ ਦੀ ਜ਼ਿਆਦਾਤਰ ਵਸੋਂ ਸ਼ਹਿਰਾਂ ਵਿਚ ਕਿਉਂ ਰਹਿੰਦੀ ਸੀ। ਪਾਣੀ ਦਾ ਨਾ ਮਿਲਣਾ ਵੀ ਇਨਾਂ ਇਲਾਕਿਆਂ ਦੀ ਵੱਡੀ ਸਮੱਸਿਆ ਸੀ। ਇਸ ਗੈਰ ਉਪਜਾਊ ਜਮੀਨ ਦਾ ਮੁੱਖ ਕਾਰਣ ਵੀ ਪਾਣੀ ਦਾ ਨਾ ਮਿਲਣਾ ਸੀ। ਕੋਈ ਫਸਲ ਨਾ ਹੋਣ ਕਰਕੇ, ਦੂਰ-ਦੂਰ ਤੱਕ ਕੋਈ ਅਬਾਦੀ ਜਾਂ ਕੰਧ, ਕੋਠਾ ਵੀ ਨਜ਼ਰ ਨਹੀਂ ਸੀ ਆ ਰਿਹਾ।

ਮੋਟਰ ਵੇਅ ਤੇ ਬੜੀ ਰੌਣਕ ਸੀ ਜਿਸ ਤੇ ਟਰੱਕ, ਕਾਰਾਂ ਤੇ ਬੱਸਾਂ ਆ ਜਾ ਰਹੀਆਂ ਸਨ। ਮੋਟਰ ਵੇ ਤੇ ਵੱਡੇ-ਵੱਡੇ ਢਾਬੇ ਵੀ ਆਉਂਦੇ ਸਨ, ਜਿੰਨਾਂ ਦੇ ਬਾਹਰ ਵੱਡੇ-ਵੱਡੇ ਮੰਜੇ ਡਠੇ ਹੋਏ ਸਨ ਅਤੇ ਕੁਰਸੀਆਂ ਡਠੀਆਂ ਹੋਈਆ ਸਨ, ਮੈ ਸੜਕ ਦੇ ਦੋਵਾਂ ਪਾਸਿਆਂ ਤੇ ਉਚੇ-ਉਚੇ ਦਰਖਤਾਂ ਦੀ ਛਾਂ, ਪਹਿਲਾ ਟਿੰਡਾ ਵਾਲੇ ਵਰਾਦੇ ਖੂਹ ਅਤੇ ਅਜ ਕਲ ਟਿਊਬਵੈਲਾਂ ਦੀਆਂ ਆੜਾਂ ਵਿਚ ਵਗਦਾਂ ਪਾਣੀ ਅਤੇ ਭਰਪੂਰ ਫਸਲਾਂ ਦੀ ਕਲਪਨਾ ਕਰਦਾ ਹੋਇਆ ਆਪਣੇ ਇਲਾਕੇ ਦੀਆਂ ਸੜਕਾਂ ਦਾ ਇਸ ਸੜਕ ਨਾਲ ਮੁਕਾਬਲਾ ਕਰ ਰਿਹਾ ਸਾਂ।

ਜਦੋਂ ਅਸੀ ਦਰਿਆਂ ਸਿੰਧ ਦੇ ਕਰੀਬ ਪਹੁੰਚੇ ਤਾਂ ਦਰਿਆ ਦੇ ਦੋਵਾਂ ਪਾਸੇ, ਭਰਪੂਰ ਫਸਲਾਂ ਖੜੀਆਂ ਸਨ ਅਤੇ ਇਸ ਤਰਾਂ ਲਗਦਾ ਸੀ ਜਿਵੇਂ ਅਸੀਂ ਫਿਰ ਆਪਣੇ ਹੀ ਇਲਾਕੇ ਵਿਚ ਆ ਗਏ ਹੋਈਏ। ਦਰਿਆ ਦੇ ਪੁਲ ਦੇ ਖਬੇ ਹਥ ਇਕ ਸ਼ਹਿਰ ਦਿਸਦਾ ਸੀ ਜਿਸ ਦਾ ਨਾਂ ਸੀ ਜਾਮਾਸ਼ੋਹਰ ਅਤੇ ਇਥੇਂ ਸਿੰਧ ਦੀ ਖੇਤੀਬਾੜੀ ਦੀ ਯੂਨੀਵਰਸਟੀ ਹੈ ਜਿਸ ਨੇ ਇਸ ਖੇਤਰ ਦੀ ਭੁਗੋਲਿਕ ਸਥਿਤੀ ਅਨੁਸਾਰ, ਖੇਤੀ ਉਪਜ ਵਧਾਉਣ ਵਿਚ ਬਹੁਤ ਵਡਾ ਯੋਗਦਾਨ ਪਾਇਆ ਹੈ। ਹੈਦਰਾਬਾਦ ਕੁਝ ਥਾਵਾਂ ਤੇ ਜਾਣ ਤੋਂ ਬਾਦ ਜਦ ਅਸੀ ਵਾਪਿਸ ਕਰਾਚੀ ਨੂੰ ਚਲੇ ਤਾਂ ਡੂੰਘੀ ਸ਼ਾਮ ਪੈ ਚੁਕੀ ਸੀ ਅਤੇ ਹਨੇਰਾ ਫੈਲ ਰਿਹਾ ਸੀ। ਰਸਤੇ ਵਿਚ ਸੜਕ ਦੇ ਦੋਵਾਂ ਪਾਸਿਆਂ ਤੇ ਕਿਤੇ ਵੀ ਕੋਈ ਰੋਸ਼ਨੀ ਨਜਰ ਨਹੀਂ ਸੀ ਆਉਂਦੀ ਸੜਕ ਤੋਂ ਪਾਰ ਦੋਵਾਂ ਪਾਸੇ ਜਿਥੋਂ ਤਕ ਨਜਰ ਜਾਂਦੀ ਸੀ ਹਨੇਰਾ ਹੀ ਹਨੇਰਾ ਨਜਰ ਆਉਂਦਾ ਸੀ ਸ਼ਾਇਦ ਇਸ ਤਰ੍ਹਾਂ ਦਾ ਸੀਨ ਮੈ ਪਹਿਲੀ ਵਾਰ ਹੀ ਵੇਖਿਆ ਸੀ। ਰੋਸ਼ਨੀ ਨਜਰ ਨਾ ਆਉਣ ਦੀ ਵਜਾਹ ਵੀ ਇਹੋ ਸੀ ਕਿ ਕਿਤੇ ਵੀ ਫ਼ਸਲ ਨਾ ਹੋਣ ਕਰਕੇ ਇਥੇ ਕੋਈ ਵਸੋ ਨਹੀ ਸੀ ਰਹਿੰਦੀ। ਕਰਾਚੀ ਵਾਪਿਸ ਪਹੁੰਚਦਿਆਂ ਸਾਨੂੰ ਰਾਤ ਦੇ 10-30 ਵਜ ਚੁਕੇ ਸਨ।




ਜਦੋਂ ਮੈਂ ਰਿਸ਼ੈਪਸ਼ਨ ਤੋਂ ਆਪਣੇ ਕਮਰੇ ਦੀ ਚਾਬੀ ਲੈਣ ਗਿਆ, ਤਾਂ ਰਿਸ਼ੈਪਸ਼ਨ ਵਾਲਾ ਲੜਕਾ ਮੈਨੂੰ ਕਹਿਣ ਲਗਾ ਕਿ ਤੁਹਾਡਾ ਕੋਈ ਵਾਕਿਫ ਤੁਹਾਨੂੰ ਮਿਲਣ ਆਇਆਂ ਸੀ ਅਤੇ ਬਹੁਤ ਲੰਮਾਂ ਸਮਾਂ ਤੁਹਾਨੂੰ ਉਡੀਕਦਾ ਰਿਹਾ ਹੈ ਅਤੇ ਰਾਤ 9 ਕੁ ਵਜੇ ਵਾਪਿਸ ਗਿਆ ਸੀ। ਮੈਂ ਉਸ ਦੀ ਗਲ ਸੁਣ ਕੇ ਹੈਰਾਨ ਸਾਂ ਕਿ ਉਹ ਕੋਣ ਹੋ ਸਕਦਾ ਸੀ। ਮੈਂ ਉਸ ਨੂੰ ਦੁਬਾਰਾ ਪੁਛਿਆਂ ਕਿ ਉਹ ਕੋਣ ਸੀ ਅਤੇ ਮੈਨੂੰ ਕਿਵੇਂ ਜਾਣਦਾ ਸੀ, ਮੈਂ ਤਾਂ ਕਰਾਚੀ ਵਿਚ ਕਿਸੇ ਨੂੰ ਵੀ ਨਹੀ ਜਾਣਦਾ ਮੈਂ ਤਾਂ ਜਿੰਦਗੀ ਵਿਚ ਪਹਿਲੀ ਵਾਰ ਕਰਾਚੀ ਆਇਆ ਹਾਂ। ਉਹ ਦਸਣ ਲਗਾ ਕਿ ਉਹ ਇਕ ਬਜੁਰਗ ਸੀ ਅਤੇ ਕਹਿੰਦਾ ਸੀ ਕਿ ਜਿਹੜੇ ਸਰਦਾਰ ਸਾਹਿਬ ਅੰਮ੍ਰਿਤਸਰ ਤੋਂ ਆਏ ਹਨ ਮੈ ਉਹਨਾਂ ਨੂੰ ਮਿਲਣਾਂ ਹੈ, ਉਹ ਮੇਰੇ ਇਲਾਕੇ ਦੇ ਹਨ, ਅਤੇ ਉਹ ਕਲ ਫਿਰ ਆਉਣ ਲਈ ਕਹਿ ਗਿਆ ਸੀ।

ਮੈਂ ਉਸ ਦੀ ਇਹ ਗਲ ਸੁਣ ਕੇ ਹੈਰਾਨ ਸਾਂ ਅਤੇ ਕਦੀ ਮੇਰਾ ਖਿਆਲ ਸਰਗੋਧੇ ਵਿਚ ਮਿਲੇ ਆਦਮੀਆਂ ਵਲ ਜਾਂਦਾ ਸੀ ਕਦੀ ਆਪਣੇ ਪਿੰਡ ਵਲ, ਪਰ ਮੇਰੀ ਸਮਝ ਵਿਚ ਕੁਝ ਨਹੀ ਸੀ ਆ ਰਿਹਾ।

ਸਵੇਰੇ ਅਜੇ ਮੈਂ ਚਾਹ ਹੀ ਪੀ ਰਿਹਾ ਸਾਂ ਤਾਂ ਟੈਲੀਫੂਨ ਦੀ ਘੰਟੀ ਵਜੀ। ਫੋਨ ਰਿਸੈਪਸ਼ਨ ਤੋਂ ਸੀ ਅਤੇ ਰਿਸੈਪਸ਼ਨ ਵਾਲਾਂ ਲੜਕਾ ਕਹਿ ਰਿਹਾ ਸੀ ਕਿ ਤੁਹਾਨੂੰ ਕੋਈ ਮਿਲਣ ਆਇਆ ਹੈ।

ਇਕ ਦਮ ਲਿਫਟ ਰਾਹੀ ਮੈਂ ਥਲੇ ਆ ਗਿਆ ਅਤੇ ਰਿਸੈਪਸ਼ਨ ਤੇ ਇਕ ਚੰਗੀ ਸਿਹਤ ਵਾਲਾ, ਲੰਮਾ-ਉਚਾ ਬਜੁਰਗ ਬੈਠਾ ਵੇਖਿਆ ਜੋ ਮੈਨੂੰ ਵੇਖਦਿਆਂ ਹੀ ਉਠ ਖੜ੍ਹਾ ਹੋਇਆ, ''ਤੁਸੀ ਅੰਮ੍ਰਿਤਸਰ ਤੋਂ ਆਏ ਹੋ'' ਉਸ ਨੇ ਪੁਛਿਆ, ਹਾਂ ਮੈਂ ਅੰਮ੍ਰਤਿਸਰ ਤੋਂ ਆਇਆ ਹਾਂ, ''ਮੈ ਉਸ ਨੂੰ ਜੁਆਬ ਦਿਤਾ ਅਤੇ ਨਾਲ ਹੀ ਬੈਠਣ ਲਈ ਕਿਹਾ। ਉਸ ਨੇ ਫਿਰ ਗਲ ਸ਼ੁਰੂ ਕੀਤੀ, ਮੈ ਤਾਂ ਸਾਰੀ ਰਾਤ ਸੋਚਦਾ ਰਿਹਾ, ਸਵੇਰੇ ਉਹ ਫਿਰ ਚਲੇ ਨਾ ਜਾਣ, ਇਸ ਲਈ ਦਿਨ ਚੜਦਿਆ ਹੀ ਮੈ ਆ ਗਿਆ ਹਾਂ। ਸਦੀਆਂ ਤੋਂ ਬਾਦ ਕਿਤੇ ਆਪਣੇ ਇਲਾਕੇ ਦੇ ਆਦਮੀ ਨੂੰ ਮਿਲ ਰਿਹਾ ਹਾਂ, ਮੇਰਾ ਪਿੰਡ ਘਰਿਆਲਾ ਹੈ, ਉਹ ਅੰਮ੍ਰਿਤਸਰ ਜਿਲੇ ਵਿਚ ਆ ਗਿਆ ਸੀ ਉਸ ਵਕਤ ਉਹ ਕਸੂਰ ਤਹਸੀਲ ਦਾ ਪਿੰਡ ਸੀ, ਵਲ ਟੋਹੇ ਦੇ ਨੇੜੇ ਹੈ---------- '' ਅਤੇ ਉਹ ਦਸੀ ਜਾ ਰਿਹਾ ਸੀ।

''ਹਾਂ, ਮੈਂ ਉਸ ਪਿੰਡ ਨੂੰ ਜਾਣਦਾ ਹਾਂ, ਉਹ ਬਹੁਤ ਵਡਾ ਪਿੰਡ ਹੈ, ਮੈਂ ਇਕ ਵਾਰ ਉਥੇ ਗਿਆ ਸਾਂ'' ਉਸ ਨੂੰ ਦਸਿਆ ਉਹ ਕਈ ਵਿਅਕਤੀਆਂ ਦੇ ਨਾ ਲੈ ਰਿਹਾ ਸੀ ਅਤੇ ਉਹਨਾਂ ਦੀ ਪ੍ਰਸਿਧੀ ਬਾਰੇ ਦਸ ਰਿਹਾ ਸੀ, ਉਸ ਇਲਾਕੇ ਨਾਲ ਸਬੰਧਿਤ ਕਈ ਗੱਲਾਂ ਦਸੀ ਜਾਂ ਰਿਹਾ ਸੀ ਅਤੇ ਫਿਰ ਉਹ ਉਸ ਇਲਾਕੇ ਵਿਚ ਹੋਈ ਤਬਦੀਲੀ ਬਾਰੇ ਮੈਨੂੰ ਪੁਛਦਾ ਰਿਹਾਂ, ਸੜਕਾਂ, ਸਕੂਲ ਕਾਲਜ, ਪਟੀ ਦੇ ਤਹਸੀਲ ਬਨਣ ਅਤੇ ਹੋਰ ਕਈ ਗਲਾਂ ਅਸੀ ਕਰਦੇ ਰਹੇ, ਉਸ ਇਲਾਕੇ ਵਿਚ ਨਰਮਾ, ਕਪਾਹ, ਮਿਰਚਾਂ ਦੀਆਂ ਫਸਲਾਂ ਬਾਰੇ ਗਲਾਂ ਦਸਦਾ ਰਿਹਾ ਅਤੇ ਅਖੀਰ ਵਿਚ ਉਸਨੇ ਮੈਨੂੰ ਪੁਛਿਆ ਕਿ ''ਤੁਸੀ ਅੰਮ੍ਰਿਤਸਰ ਵਿਚ ਕਿਥੇ ਰਹਿੰਦੇ ਹੋ''

''ਖਾਲਸਾ ਕਾਲਜ ਦੇ ਅੰਦਰ ਰਹਿੰਦਾ ਹਾਂ''

''ਖਾਲਸਾ ਕਾਲਜ ਅੰਮ੍ਰਿਤਸਰ ਦੇ ਅੰਦਰ, ਖਾਲਸਾ ਕਾਲਜ ਅੰਮ੍ਰਿਤਸਰ ਦੇ ਅੰਦਰ'' ਉਸ ਨੇ ਦੁਹਰਾਅ ਕੇ ਪੁਛਿਆ ਅਤੇ ਮੈਂ ਉਸਦੀਆਂ ਅਖਾ ਵਿਚ ਇਕ ਅਜੀਬ ਜਹੀ ਚਮਕ ਵੇਖੀ ਜੋ ਉਸ ਦੀ ਉਤਸੁਕਤਾ ਬਾਰੇ ਦਸ ਰਹੀਂ ਸੀ।

ਉਸਦੇ ਚਿਹਰੇ ਦੀ ਉਤਸਕਤਾ ਦਸ ਰਹੀ ਸੀ ਜਿਵੇਂ ਉਸਨੂੰ ਮੇਰੇ ਤੇ ਯਕੀਨ ਨਾ ਹੋਵੇ ਅਤੇ ਉਹ ਫਿਰ ਪੁਛਣ ਲਗਾਂ, ਤੁਸੀ ਕੀ ਕੰਮ ਕਰਦੇ ਹੋ''

''ਮੈਂ ਖਾਲਸਾ ਕਾਲਜ ਪੜਾਉਦਾਂ ਰਿਹਾ ਹਾਂ ਅਤੇ ਅਜ ਕਲ ਰਿਟਾਇ-ਰ ਹਾਂ'' ਮੈਂ ਦਸਿਆ

ਉਸ ਨੇ ਫਿਰ ਕਾਹਲੀ ਨਾਲ ਦੋ ਵਾਰ ਦੁਹਰਾ ਦਿਤਾ ''ਤੁਸੀ ਖਾਲਸਾ ਕਾਲਜ ਅੰਮ੍ਰਿਤਸਰ ਪੜਾਉਂਦੇ ਰਹੇ ਹੋ, ਤੁਸੀ ਖਾਲਸਾ ਕਾਲਜ ਅੰਮ੍ਰਿਤਸਰ ਪੜਾਉਂਦੇ ਰਹੇ ਹੋ''

ਤਾਂ ਫਿਰ ਉਹ ਕਾਹਲੀ-ਕਾਹਲੀ ਦਸਣ ਲਗਾ ਖਾਲਸਾ ਕਾਲਜ ਕਰਕੇ ਤਾਂ ਮੇਰਾ ਕੈਰੀਅਰ ਬਣਿਆ ਸੀ, ਮੈ ਕਾਲਜ ਦੀ ਫੁਟਬਾਲ ਟੀਮ ਵਿਚ ਸਾਂ, ਫੁਟਬਾਲ ਦੀ ਖੇਡ ਕਰਕੇ ਮੈਨੂੰ ਇਧਰ ਆ ਕੇ ਕਸਟਮ ਦੀ ਨੌਕਰੀ ਮਿਲੀ, ਖਾਲਸਾ ਕਾਲਜ ਤਾਂ ਅਜੇ ਵੀ ਮੇਰੇ ਸੁਫਨੇ ਵਿਚ ਆ ਜਾਂਦਾ ਹੈ'' ਅਤੇ ਫਿਰ ਉਸ ਨੇ ਕਈ ਪ੍ਰੋਫੈਸਰਾਂ ਦੇ ਨਾ ਲਏ, ਜਿੰਨਾ ਵਿਚੋਂ ਕੁਝ ਨੂੰ ਮੈ ਮਿਲਿਆ ਹੋਇਆ ਸਾਂ, ਉਸ ਨੇ ਉਨ੍ਹਾਂ ਬਾਰੇ ਕਈ ਸੁਆਲ ਪੁਛੇ, ਕਾਲਜ ਦੀ ਕੰਨਟੀਨ, ਫਰੂਟ ਸ਼ਾਪ, ਕਾਲਜ ਦੇ ਹੋਸਟਲ, ਕ੍ਰਿਕਟਾ ਦੀ ਗਰਾਉਂਡ ਫਾਰਮ ਅਤੇ ਕਈ ਕੁਝ ਹੋਰ, ਉਸ ਦੇ ਸੁਆਲ ਤਾਂ ਮੁਕ ਹੀ ਨਹੀ ਸਨ ਰਹੇ ਫਿਰ ਉਹ ਕਹਿਣ ਲਗਾਂ, ਕਾਲਜ ਦੀ ਫੁਟਬਾਲ ਗਰਾਉਂਡ ਦਾ ਇੰਚ ਇੰਚ ਮੈਨੂੰ ਯਾਦ ਹੈ, ਅਸੀਂ ਸ਼ਾਮ ਨੂੰ ਉਦੋਂ ਤਕ ਫੁਟਬਾਲ ਖੇਡਦੇ ਰਹਿੰਦੇ ਸਾਂ, ਜਦੋਂ ਤਕ ਫੁਟਬਾਲ ਰਾਤ ਦੇ ਹਨੇਰੇ ਵਿਚ ਲਭਣ ਤੋਂ ਹਟ ਨਹੀਂ ਜਾਂਦਾ ਸੀ ਮੈਂ ਤਾਂ ਹੁਣ ਵੀ ਅੱਖਾਂ ਬੰਦ ਕਰਕੇ ਕਾਲਜ ਅਤੇ ਫਿਰ ਕਾਲਜ ਦੀ ਗਰਾਉਂਡ ਵਿਚ ਜਾ ਸਕਦਾ ਹਾਂ। ਸਰਦਾਰ ਜੀ ਤੁਸਾਂ ਤਾਂ ਮੈਨੂੰ ਮੇਰੇ ਕਾਲਜ ਦੀ ਸੈਰ ਕਰਾ ਦਿਤੀ ਹੈ, ਸਾਨੂੰ ਤਾਂ ਬਾਦ ਵਿਚ ਵੀਜਾਂ ਨਹੀਂ ਮਿਲ ਸਕਿਆ। ਮੈਂ ਤਾਂ ਖਾਲਸਾ ਕਾਲਜ ਨੂੰ ਵੇਖਣ ਲਈ ਸਾਰੀ ਉਮਰ ਤਰਸਦਾ ਰਿਹਾ ਹਾਂ'' ਉਸ ਨੇ ਮੇਰਾ ਹੱਥ ਘੁਟ ਕੇ ਫੜਿਆ ਹੋਇਆ ਸੀ ਅਤੇ ਉਹ ਕਾਹਲੀ-ਕਾਹਲੀ ਕਾਫੀ ਕੁਝ ਦਸ ਰਿਹਾ ਸੀ, ਮੈ ਉਸ ਨੂੰ ਕਾਫ਼ੀ ਜਜਬਾਤੀ ਹੋਇਆ ਵੇਖ ਰਿਹਾ ਸਾਂ। ਉਸ ਨੇ ਮੈਨੂੰ ਆਪਣੇ ਘਰ ਆਉਣ ਦਾ ਸ਼ਦਾ ਵੀ ਦਿਤਾ। ਮੇਰੇ ਕੋਲ ਖੜ੍ਹੀ ਸੰਤੋਸ ਸਿੰਘ ਮੈਨੂੰ ਸਮੇਂ ਦੀ ਘਾਟ ਬਾਰੇ ਯਾਦ ਕਰਵਾ ਰਹੀ ਸੀ। ਮੈ ਘੜੀ ਵੇਖੀ, ਸਾਨੂੰ ਗਲ੍ਹਾਂ ਕਰਦਿਆਂ ਨੂੰ ਇਕ ਘੰਟਾ ਹੋ ਗਿਆ ਸੀ ਪਰ ਲਗਦਾ ਸੀ ਜਿਵੇਂ ਗੱਲ ਸ਼ੁਰੂ ਵੀ ਨਹੀਂ ਕੀਤੀ, ਮਜਬੂਰੀ ਵਸ ਮੈਂ ਜਦੋਂ ਉਸ ਕੋਲੋਂ ਛੁਟੀ ਲਈ ਤਾਂ ਮੈ ਵੇਖ ਰਿਹਾ ਸਾਂ, ਉਸ ਦੀਆ ਅੱਖਾਂ ਵਿਚ ਅਥਰੂ ਸਨ।

ਲੇਖਕ, ਸੀਨੀਅਰ ਫੈਲੋਸ਼ਿਪ
ਇੰਸਟੀਚਿਊਟ ਆਫ ਸੋਸ਼ਨ
ਸਾਇੰਸਸ, ਨਵੀ ਦਿੱਲੀ।

## ਹਲਕਾ ਫੁਲਕਾ

ਪਤਨੀ, ''ਸ਼ਰਮ ਨਹੀਂ ਆਉਂਦੀ ਦੂਜੀ ਔਰਤ ਨੂੰ ਘੂਰ ਰਹੇ ਹੋ। ਤੁਸੀਂ ਵਿਆਹੇ-ਵਰੇ ਹੋ।''
ਪਤੀ, ''ਓ ਭਾਗਵਾਨੇ, ਇਹ ਕਿੱਥੇ ਲਿਖਿਆ ਹੈ ਕਿ ਜੇ ਵਰਤ ਰੱਖਿਆ ਹੋਵੇ ਤਾਂ ਭੋਜਨ ਦਾ ਮੈਨਿਊ ਕਾਰਡ ਨਹੀਂ ਦੇਖ ਸਕਦੇ।''

*********

ਘੋਂਚੂ ਜੀ ਸਹੁਰੇ ਘਰ ਗਏ। ਸੱਸ ਨੇ ਸੱਤ ਦਿਨ ਲਗਾਤਾਰ ਪਾਲਕ ਦਾ ਸਾਗ ਖੁਆਇਆ। ਅੱਠਵੇਂ ਦਿਨ ਉਸ ਨੇ ਪੁੱਛਿਆ, ''ਬੇਟਾ, ਕੀ ਖਾਵੇਂਗਾ?''
ਘੋਂਚੂ ਜੀ, ''ਸਾਸੂ ਮਾਂ, ਤੁਸੀਂ ਮੈਨੂੰ ਖੇਤ ਦਿਖਾ ਦਿਓ, ਮੈਂ ਖੁਦ ਹੀ ਪਾਲਕ ਚਰ ਆਵਾਂਗਾ।''

*********

ਬੌਸ, ''ਮੇਰੇ ਲਈ ਇੱਕ ਸ਼ੀਸ਼ਾ ਲੈ ਕੇ ਆ, ਜਿਸ ਵਿੱਚ ਮੈਂ ਆਪਣਾ ਮੂੰਹ ਦੇਖ ਸਕਾਂ।''
ਅਨਿਲ, ''ਨਹੀਂ ਮਿਲਿਆ ਸਰ, ਸਾਰਿਆਂ ਵਿੱਚ ਮੇਰਾ ਹੀ ਮੂੰਹ ਨਜ਼ਰ ਆ ਰਿਹਾ ਹੈ।''

********

ਸਵੇਰੇ ਸਵੇਰੇ ਫੇਰੀ ਵਾਲਾ ਆਵਾਜ਼ ਲਾ ਰਿਹਾ ਸੀ, ''ਚਾਕੂ-ਛੁਰੀਆਂ ਤੇਜ਼ ਕਰਵਾ ਲਓ, ਚਾਕੂ-ਛੁਰੀਆਂ ਤੇਜ਼ ਕਰਵਾ ਲਓ।''
ਇੱਕ ਔਰਤ, ''ਭਾਈ, ਕੀ ਅਕਲ ਵੀ ਤੇਜ਼ ਕਰਦਾ ਏਂ?''
ਫੇਰੀ ਵਾਲਾ, ''ਹਾਂ ਭੈਣ ਜੀ, ਅਕਲ ਹੋਵੇ ਤਾਂ ਲੈ ਆਓ।''

********

ਮਾਂ, ''ਬੇਟਾ, ਦਾਦੀ ਨੂੰ ਜਨਮ ਦਿਨ 'ਤੇ ਕੀ ਤੋਹਫਾ ਦੇਵੇਂਗਾ?''
ਬੇਟਾ, ''ਮੈਂ ਦਾਦੀ ਨੂੰ ਫੁੱਟਬਾਲ ਦੇਵਾਂਗਾ।''
ਮਾਂ, ''ਓ ਬੇਟਾ, ਦਾਦੀ ਇਸ ਉਮਰ ਵਿੱਚ ਫੁੱਟਬਾਲ ਦਾ ਕੀ ਕਰੇਗੀ?''
ਬੇਟਾ, ''ਉਨ੍ਹਾਂ ਨੇ ਵੀ ਮੇਰੇ ਜਨਮ ਦਿਨ 'ਤੇ ਮੈਨੂੰ ਭਗਵਦ ਕੀਤਾ ਦਿੱਤੀ ਸੀ।''

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

Sant Rampal Ji Maharaj Spiritual Discourse in Brampton on Sunday, September 1, 2019 from 10 am to 12pm

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (ਏਦਟਿਅਟੋਂਨਿ) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com | 647-739-4641
satsahibusa@gmail.com | 346-714-0224

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005

Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

# ਘੜੰਮ ਚੌਧਰੀ

– ਹਰਜੀਤ ਦਿਓਲ, ਬਰੈਂਪਟਨ

ਪੰਜਾਬੀ ਦਾ ਇਹ ਲਫਜ਼ ਕਈ ਵਾਰੀ ਨਜ਼ਰੀਂ ਪਿਆ ਪਰ ਇਸ ਦਾ ਮਾਕੂਲ ਅਰਥ ਸਮਝ ਨਹੀਂ ਪਿਆ ਤਾਂ ਜਨਾਬ ਆਪਾਂ ਆਪਣੇ ਇੱਕ ਸਾਹਿਤਕ ਮਿੱਤਰ ਦੀ ਸ਼ਰਨ ’ਚ ਗਏ। ਉਸ ਪੁੱਛਿਆ ਕਿ ਮੈਂ ਪਹਿਲਾਂ ‘ਘੈਂਟ’ ਦਾ ਮਤਲਬ ਦੱਸਾਂ। ਮੈਂ ਫਿਰ ਸੋਚੀਂ ਪੈ ਗਿਆ। ਮੈ ਕਿਹਾ ਜਨਾਬ ਇਹ ਲਫਜ਼ ਭਾਸ਼ਾਵੀ ਡਿਕਸ਼ਨਰੀ ਤੋਂ ਬਾਹਰ ਦੇ ਹਨ ਪਰ ਪ੍ਰਚਲਤ ਹਨ। ਸੋ ‘ਘੈਂਟ’ ਦਾ ਮਤਲਬ ਹੋ ਸਕਦਾ ਹੈ ‘ਚਾਲੂ’। ਉਸ ਕਿਹਾ ਵੈਰੀ ਗੁੱਡ, ਹੁਣ ਇਸ ਦੀ ਉਦਾਹਰਣ ਦੇ। ਮੈਂ ਜਵਾਬ ਦਿੱਤਾ ਕਿ ਸਿਆ-ਸਤਦਾਨ ਘੈਂਟ ਹੁੰਦੇ ਹਨ। ਜਿਵੇਂ ਭਾਰਤ ਦੇ ਪ੍ਰਧਾਨ ਮੰਤਰੀ ਮੋਦੀ ਸਾਹਿਬ ਅਤੇ ਕਨੈਡਾ ਦੇ ਪ੍ਰਧਾਨ ਮੰਤਰੀ ਟਰੂਡੋ ਸਾਹਿਬ ਘੈਂਟ ਹਨ। ਮੋਦੀ ਜੀ ਨੇ ਜਿਸ ਤਰ੍ਹਾਂ ਹਿੰਦੂ ਅਤੇ ਹਿੰਦੁਸਤਾਨ ਦੇ ਰਖਵਾਲੇ ਬਨਣ ਦਾ ਢੋਂਗ ਕਰ ਬਾਜੀ ਜਿੱਤ ਲਈ ਹੈ, ਟਰੂਡੋ ਹੁਰੀਂ ਬਹੁਗਿਣਤੀ ਇੰਮੀਗਰੈਂਟਾਂ ਨੂੰ ਆਪਣੇ ਹੱਕ ਵਿੱਚ ਕਰਨ ਲਈ ਤਰਲੋਮੱਛੀ ਹਨ। ਇੱਕ ਹੋਰ ਪ੍ਰਧਾਨਮੰਤਰੀ ਪਦ ਦੇ ਦਾਵੇਦਾਰ ਆਪਣੀ ਦਿੱਖ ਨਾਲ ਇੱਕ ਖਾਸ ਭਾਈਚਾਰੇ ਨੂੰ ਲੁਭਾਉਣ ਦਾ ਮੰਤਵ ਰਖਦੇ ਹਨ। ਮਿੱਤਰ ਸ਼ਾਬਾਸ ਕਹਿ ਮੇਰੀ ਪਿੱਠ ਠੋਕੀ ਤੇ ਦੱਸਿਆ ਕਿ ਘੜੰਮ ਚੌਧਰੀ ਵੀ ਇਸੇ ਤਰ੍ਹਾਂ ਦਾ ਪ੍ਰਚਲਤ ਲਫਜ਼ ਹੈ। ਉਦਾਹਰਣ ਦੱਸਦਾ ਹਾਂ ਮਤਲਬ ਤੂੰ ਆਪ ਕੱਢ ਲਵੀਂ। ਪੰਜਾਬ ਵਿੱਚ ਹੜ੍ਹ ਆਏ ਹਨ ’ਤੇ ਇਹ ਇੱਕ ਤਰ੍ਹਾਂ ਦੀ ਕੁਦਰਤੀ ਆਫਤ ਹੈ ਜਿਸ ਨੂੰ ਨਜਿੱਠਣ ਲਈ ਉਪਰਾਲੇ ਜਰੂਰ ਕੀਤੇ ਜਾਣੇ ਚਾਹੀਦੇ ਹਨ ਪਰ ‘ਘੜੰਮ ਚੌਧਰੀ’ ਇਸ ਨੂੰ ਪੰਜਾਬ ਵਿਰੁੱਧ ਕੇਂਦਰ ਦੀ ਸਾਜਸ਼ ਦੱਸ ਰਹੇ ਹਨ। ਓਹ ਨਹੀਂ ਜਾਣਦੇ ਜਾਂ ਜਾਨਣਾ ਨਹੀਂ ਚਾਹੁੰਦੇ ਕਿ ਕਿਸੇ ਵੀ ਡੈਮ ’ਚ ਪਾਣੀ ਦਾ ਪੱਧਰ ਖਤਰੇ ਦੇ ਨਿਸ਼ਾਨ ਟੱਪਣ ’ਤੇ ਫਲੱਡ ਗੇਟ ਖੋਲ੍ਹਣੇ ਪੈਂਦੇ ਹਨ। ਗੇਟ ਨਾਂ ਖੋਲ੍ਹਣ ਦੀ ਸੂਰਤ ਵਿੱਚ ਡੈਮ ਤਬਾਹ ਹੋ ਜਾਵੇਗਾ ਹੈ ਜੋ ਭਾਰੀ ਤਬਾਹੀ ਦਾ ਕਾਰਣ ਬਣ ਸਕਦਾ ਹੈ। ਬਾਰਸ਼ਾਂ ਦਾ ਸਹੀ ਅੰਦਾਜਾ ਨਾ ਲੱਗਣ ਕਰਕੇ ਪਾਣੀ ਦੇ ਲੈਵਲ ਨੂੰ ਕਾਬੂ ਵਿਚ ਰੱਖਣਾ ਮੁਸ਼ਕਲ ਹੁੰਦਾ ਹੈ ਕਿਓਂਕਿ ਲੈਵਲ ਘਟਣ ਦੀ ਸੂਰਤ ਵਿੱਚ ਬਿਜਲੀ ਉਤਪਾਦਨ ਦੀ ਘਾਟ ਲਈ ਜਵਾਬਦੇਹੀ ਵੀ ਬੋਰਡ ਨੂੰ ਦੇਣੀ ਹੁੰਦੀ ਹੈ। ਪੰਜਾਬ ਵਿਖੇ ਕੁਝ ਸਮਾਂ ‘ਘੜੰਮ ਚੌਧਰੀਆਂ’ ਦੀ ਤੂਤੀ ਬੋਲਦੀ ਰਹੀ ਹੈ। ਉਸ ਸਮੇਂ ਵੀ ਇਸੇ ਕਿਸਮ ਦਾ ਹੜ੍ਹ ਆਇਆ ਸੀ ਤੇ ਘੜੰਮ ਚੌਧਰੀਆਂ ਭਾਖੜਾ ਬੋਰਡ ਦੇ ਇਕ ਬੇਕਸੂਰ ਇੰਜੀਨੀਅਰ ਨੂੰ ਪਾਰ ਬੁਲਾ ਦਿੱਤਾ ਸੀ। ਚੰਡੀਗੜ੍ਹ ਵਿਖੇ ਇੱਹ ਰਫੜਾ ਪਿਐ ਕਿ ਸਿੱਖ ਬੀਬੀਆਂ ਨੂੰ ਧਾਰਮਕ ਪੱਖੋਂ ਹੈਲਮਟ ਤੋਂ ਛੋਟ ਦਿੱਤੀ ਜਾਵੇ। ਦੇ ਦਿੱਤੀ ਗਈ। ਹਾਈਕੋਰਟ ਪੁਛਿਆ ਪਈ ਕਿਵੇਂ ਪਤਾ ਕਰੋਗੇ ਕੌਣ ਸਿੱਖ ਬੀਬੀ ਹੈ। ‘ਘੜੰਮ ਚੌਧਰੀਆਂ’ ਦੱਸਿਆ ਪਈ ਨਾਂਅ ਨਾਲ ‘ਕੌਰ’ ਜੁ ਹੁੰਦਾ ਹੈ। ਲਓ ਜੀ ਨਾਂਅ ਨਾਲ ਕੌਰ ਲਾਓ ਤੇ ਹੈਲਮਟ ਤੋਂ ਹਮੇਸ਼ਾ ਲਈ ਛੁਟਕਾਰਾ ਪਾਓ। ਚੰਦਰਯਾਨ ਮਿਸ਼ਨ ਨਾਲ ਭਾਰਤ ਦਾ ਨਾਂਅ ਦੁਨਿਆਂ ਦੇ ਕੁਝਕੁ ਅਹਿਮ ਮੁਲਕਾਂ ਵਿੱਚ ਸ਼ਾਮਲ ਹੋ ਜਾਂਦਾ ਹੈ ਤਾਂ ਜਨਾਬ ਭਾਰਤ ਨਿੰਦਕ ਆਪਣੇ ਘੜੰਮ ਚੌਧਰੀ ਇਸ ਨੂੰ ਫਜ਼ੂਲ ਖਰਚਾ ਦੱਸਦੇ ਹਨ ਕਿਓਂਕਿ ਚੰਦ ’ਤੇ ਤਾਂ ਕੁਝ ਲੱਭਿਆ ਹੀ ਨਹੀਂ। ਇਹ ਨਹੀਂ ਜਾਣਦੇ ਜਾਂ ਜਾਨਣਾ ਨਹੀਂ ਚਾਹੁੰਦੇ ਕਿ ਧਰਤੀ ਦੇ ਹੀ ਉੱਤਰੀ ਦੱਖਣੀ ਧਰੁਵਾਂ ਤੇ ਸਿਰਫ ਬਰਫ ਹੀ ਨਹੀਂ ਹੈ ਬੇਸ਼ੁਮਾਰ ਵਿਗਿਆਨਕ ਜਾਣਕਾਰੀਆਂ ਦਫ਼ਨ ਹਨ। ਆਪਣੇ ਵਿਦਵਾਨ ‘ਘੜੰਮ ਚੌਧਰੀਆਂ’ ਕਦੇ ਕਸ਼ਮੀਰੀ ਪੰਡਤਾਂ ਦੀ ਚਿੰਤਾ ਨਹੀਂ ਕੀਤੀ ਸੀ ਪਰ ਅੱਜ ਕਸ਼ਮੀਰੀਆਂ ਦਾ ਬਹੁਤ ਫਿਕਰ ਕਰਦੇ ਹਨ ਸ਼ਾਇਦ ਓਹ ਜਾਣਦੇ ਨਹੀਂ ਜਾਂ ਜਾਨਣਾ ਨਹੀਂ ਚਾਂਹੁੰਦੇ ਕਿ ਪਾਕਸਤਾਨ ਵਿਖੇ ਵਿਚਾਰੇ ਬਲੋਚੀਆਂ ਤੇ ਹੋਰਨਾ ਘੱਟਗਿਣਤੀਆਂ ਨੂੰ ਵੀ ਉਨ੍ਹਾਂ ਦੀ ਹਮਦਰਦੀ ਦੀ ਸਖ਼ਤ ਜਰੂਰਤ ਹੈ। ਪਿੱਛੇ ਜਿਹੇ ‘ਨਾਨਕ ਸ਼ਾਹ ਫਕੀਰ’ ਨਾਮੀ ਇੱਕ ਵਧੀਆ ਫਿਲਮ ਬਨਾਉਣ ਦਾ ਉਪਰਾਲਾ ਹੋਇਆ ਸੀ ਪਰ ਘੜੰਮ ਚੌਧਰੀਆਂ ਮਰਿਯਾਦਾ ਦਾ ਰਾਗ ਅਲਾਪ ਇਸ ਯਤਨ ਨੂੰ ਠਿੱਬੀ ਲਾ ਦਿੱਤੀ। ਮਿੱਤਰ ਪੁੱਛਿਆ ਪਈ ਕੀ ਘੜੰਮ ਚੌਧਰੀ ਦਾ ਮਤਲਬ ਜਾਨਣ ਲਈ ਓਹ ਹੋਰ ਮਿਸਾਲਾਂ ਦੇਵੇ? ਮੈਂ ਕਿਹਾ ਨਹੀਂ ਹੁਣ ਲੋੜ ਨਹੀਂ। ਸਮਝ ਆ ਗਈ ਹੈ ਕਿ ਇੱਕ ਖਾਸ ਕਿਸਮ ਦੇ ਲੋਕ ਜੋ ਆਪਣੇ ਦਿਮਾਗ ਦਾ ਪੂਰਾ ਇਸਤੇਮਾਲ ਨਹੀਂ ਕਰਦੇ ਜਾਂ ਕਰਨਾ ਨਹੀਂ ਚਾਹੁੰਦੇ ‘ਘੜੰਮ ਚੌਧਰੀ’ ਅਖਵਾਉਂਦੇ ਹਨ।

# ਬੀਤੇ ਤੋਂ ਸਬਕ ਕਿਉਂ ਨਹੀਂ ਲੈਂਦਾ ਪ੍ਰਸ਼ਾਸਨ?

-ਉਜਾਗਰ ਸਿੰਘ



ਅਧਿਕਾਰੀ ਪੁਰਾਣੀਆਂ ਗਲਤੀਆਂ ਤੋਂ ਸਬਕ ਸਿੱਖਣ ਦੀ ਥਾਂ ਉਨ੍ਹਾਂ ਨੂੰ ਦੁਹਰਾਉਣ 'ਚ ਯਕੀਨ ਰੱਖਦੇ ਹਨ। ਬਟਾਲਾ ਦੀ ‘ਮੱਟੂ ਪਟਾਕਾ ਵਰਕਸ' ਵਿੱਚ ਧਮਾਕਾ ਕੋਈ ਪਹਿਲੀ ਘਟਨਾ ਨਹੀਂ। ਅਜਿਹੀਆਂ ਘਟਨਾਵਾਂ ਪੰਜਾਬ ਵਿੱਚ ਪਹਿਲਾਂ ਵੀ ਹੋਈਆਂ ਹਨ, ਪਰ ਪ੍ਰਸ਼ਾਸਨਿਕ ਅਧਿਕਾਰੀਆਂ ਨੇ ਇਨ੍ਹਾਂ ਘਟਨਾਵਾਂ ਨੂੰ ਰੋਕਣ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਅਤੇ ਨਾ ਪੰਜਾਬ ਦੀਆਂ ਸਰਕਾਰਾਂ ਨੇ ਕਦੇ ਸੰਜੀਦਗੀ ਵਿਖਾਈ ਹੈ। ਜਦੋਂ ਘਟਨਾ ਵਾਪਰਦੀ ਹੈ, ਦੋ ਚਾਰ ਦਿਨ ਰੌਲਾ ਰੱਪਾ ਪੈਂਦਾ ਹੈ। ਉਸ ਤੋਂ ਬਾਅਦ ਫਿਰ ਰੋਜ਼ਮੱਰ੍ਹਾ ਦਾ ਕੰਮ ਸ਼ੁਰੂ ਹੋ ਜਾਂਦਾ ਹੈ। ਇਨ੍ਹਾਂ ਘਟਨਾਵਾਂ ਤੋਂ ਬਾਅਦ ਸਰਕਾਰ ਵੱਲੋਂ ਮੈਜਿਸਟਰੇਟੀ ਪੜਤਾਲ ਦੇ ਹੁਕਮ, ਮ੍ਰਿਤਕਾਂ ਤੇ ਜ਼ਖਮੀਆਂ ਦੇ ਪਰਵਾਰਾਂ ਦੇ ਵਾਰਸਾਂ ਨੂੰ ਆਰਥਿਕ ਮਦਦ ਦੇ ਐਲਾਨ ਆਮ ਗੱਲ ਹੋ ਗਈ ਹੈ। ਆਰਥਿਕ ਮਦਦ ਵੀ ਪ੍ਰਭਾਵਿਤ ਲੋਕਾਂ ਦੇ ਹੰਝੂ ਪੂੰਝਣ ਲਈ ਦਿੱਤੀ ਜਾਂਦੀ ਹੈ।

ਰਿਹਾਇਸ਼ੀ ਇਲਾਕਿਆਂ ਵਿੱਚ ਧਮਾਕਾਖੇਜ਼ ਵਸਤਾਂ ਬਣਾਉਣ ਦੀ ਆਗਿਆ ਦੇਣ ਵਾਲੇ ਅਫਸਰਾਂ ਨੂੰ ਸਖਤ ਸਜ਼ਾਵਾਂ ਦੇਣੀਆਂ ਚਾਹੀਦੀਆਂ ਹਨ ਤਾਂ ਜੋ ਅੱਗੇ ਤੋਂ ਕਿਸੇ ਸਿਆਸੀ ਪ੍ਰਭਾਵ ਜਾਂ ਪੈਸੇ ਦੇ ਲਾਲਚ ਅਧੀਨ ਕੋਈ ਅਧਿਕਾਰੀ ਪ੍ਰਵਾਨਗੀ ਦੇਣ ਦੀ ਹਿੰਮਤ ਨਾ ਕਰ ਸਕੇ। ਰਿਹਾਇਸ਼ੀ ਰਾਮਦਾਸ ਕਾਲੋਨੀ ਵਿੱਚ ‘ਮੱਟੂ ਪਟਾਕਾ ਵਰਕਸ' ਦੋ ਮੰਜ਼ਿਲਾ ਇਮਾਰਤ ਵਿੱਚ ਗੈਰ ਕਾਨੂੰਨੀ ਢੰਗ ਨਾਲ ਚੱਲ ਰਹੀ ਸੀ। ਇਸ ਫੈਕਟਰੀ ਦੀ ਸਾਰੀ ਦੋ ਮੰਜ਼ਿਲਾ ਇਮਾਰਤ ਡਿੱਗ ਪਈ, ਜਿਸ ਦੀ ਪਹਿਲੀ ਮੰਜ਼ਿਲ 'ਤੇ ਸੱਤ ਜੀਆਂ ਦਾ ਪਰਵਾਰ ਰਹਿ ਰਿਹਾ ਸੀ। ਉਸ ਦੇ ਸਾਰੇ ਮੈਂਬਰ ਮਾਰੇ ਗਏ। ਫੈਕਟਰੀ ਦੇ ਦੁਆਲੇ ਦੋ ਘਰ ਤੇ ਤਿੰਨ ਦੁਕਾਨਾਂ ਡਿੱਗ ਗਈਆਂ। ਫੈਕਟਰੀ ਦੇ ਨੇੜੇ ਹੰਸਲੀ ਡਰੇਨ ਵਿੱਚ ਮਰਨ ਵਾਲਿਆਂ ਦੇ ਚੀਥੜੇ ਖਿੱਲਰੇ ਮਿਲੇ। ਫੈਕਟਰੀ ਦਾ ਮਾਲਕ ਜਸਪਾਲ ਸਿੰਘ ਮੱਟੂ ਵੀ ਮਰਨ ਵਾਲੇ 23 ਲੋਕਾਂ ਵਿੱਚ ਸ਼ਾਮਲ ਹੈ।

ਅੱਜ ਤੱਕ ਦੀਆਂ ਅਜਿਹੀਆਂ ਘਟਨਾਵਾਂ 'ਚੋਂ ਇਹ ਘਟਨਾ ਸਭ ਤੋਂ ਵੱਡੀ ਤੇ ਦਰਦਨਾਕ ਹੈ, ਜਿਸ 'ਚ 23 ਮਨੁੱਖੀ ਜਾਨਾਂ ਜਾ ਚੁੱਕੀਆਂ ਹਨ ਅਤੇ ਅਜੇ 35 ਜ਼ਖਮੀਆਂ 'ਚੋਂ 10 ਵਿਅਕਤੀ ਜ਼ਿੰਦਗੀ ਮੌਤ ਦੀ ਲੜਾਈ ਲੜ ਰਹੇ ਹਨ। ਮਰਨ ਵਾਲੇ ਬਹੁਤੇ ਗਰੀਬ ਲੋਕ ਹਨ, ਜਿਹੜੇ ਆਪਣੇ ਪਰਵਾਰਾਂ ਨੂੰ ਪਾਲਣ ਲਈ ਕੰਮ ਕਰਦੇ ਸਨ। ਦੁੱਖ ਇਸ ਗੱਲ ਦਾ ਵੀ ਹੈ ਕਿ ਉਨ੍ਹਾਂ ਗਰੀਬ ਪਰਵਾਰਾਂ ਲਈ ਜੀਵਨ ਜਿਊਣ ਦੇ ਲਾਲੇ ਪੈ ਗਏ ਹਨ, ਕਿਉਂਕਿ ਪਰਵਾਰਾਂ ਦੇ ਗੁਜ਼ਾਰੇ ਦੇ ਸਾਧਨ ਖਤਮ ਹੋ ਗਏ ਹਨ। ਇਨ੍ਹਾਂ ਪਰਵਾਰਾਂ ਨਾਲ ਫੋਕੀ ਹਮਦਰਦੀ ਕੁਝ ਦਿਨਾਂ ਦੀ ਹੀ ਪ੍ਰਾਹੁਣੀ ਹੋਵੇਗੀ। ਫੈਕਟਰੀ ਤੋਂ 50 ਮੀਟਰ ਦੂਰ ‘ਸੇਂਟ ਫਰਾਂਸਿਸ ਸਕੂਲ ਹੈ। ਜੇ ਇਹ ਧਮਾਕਾ ਸਕੂਲ ਵਿੱਚ ਤਿੰਨ ਵਜੇ ਛੁੱਟੀ ਹੋਣ ਤੋਂ ਪਹਿਲਾਂ ਹੋ ਜਾਂਦਾ ਤਾਂ ਮਰਨ ਵਾਲਿਆਂ ਦੀ ਗਿਣਤੀ ਬਹੁਤ ਵੱਧ ਹੋਣੀ ਸੀ। ਇਹ ਘਟਨਾ 3.45 ਵਜੇ ਵਾਪਰੀ। ਇਸ ਫੈਕਟਰੀ ਵਿੱਚ ਆਤਿਸ਼ਬਾਜ਼ੀ ਬਣਾਈ ਜਾਂਦੀ ਸੀ। ਅਜੇ ਤੱਕ ਧਮਾਕਾ ਹੋਣ ਦੇ ਕਾਰਨਾਂ ਦਾ ਪਤਾ ਨਹੀਂ ਲੱਗਾ। ਅਜਿਹੀਆਂ ਵਿਸਫੋਟਕ ਸਾਮਾਨ ਤਿਆਰ ਕਰਨ ਵਾਲੀਆਂ ਫੈਕਟਰੀਆਂ ਨੂੰ ਲਾਇਸੈਂਸ ਉਦਯੋਗਿਕ ਵਿਭਾਗ ਜਾਰੀ ਕਰਦਾ ਹੈ। ਕੀ ਉਹ ਚੈਕ ਨਹੀਂ ਕਰਦੇ ਕਿ ਫੈਕਟਰੀ ਰਿਹਾਇਸ਼ੀ ਇਲਾਕੇ ਵਿੱਚ ਜਾਂ ਸ਼ਹਿਰ ਤੋਂ ਬਾਹਰ ਹੈ? ਇਸ ਦੇ ਨਾਲ ਦੂਜਾ ਵਿਭਾਗ ਲੋਕਲ ਬਾਡੀਜ਼ ਦਾ ਹੈ ਜਿਹੜਾ ਸ਼ਹਿਰਾਂ ਅਤੇ ਕਸਬਿਆਂ ਵਿੱਚ ਇਮਾਰਤਾਂ ਉਸਾਰਨ ਦੀ ਆਗਿਆ ਦਿੰਦਾ ਹੈ। ਤੀਜਾ ਕਿਰਤ ਤੇ ਰੁਜ਼ਗਾਰ ਵਿਭਾਗ ਹੈ ਜਿਹੜਾ ਜਾਂਚ ਕਰਦਾ ਹੈ ਕਿ ਕਿਰਤੀਆਂ ਦੇ ਜਾਨ ਮਾਲ ਦੀ ਹਿਫਾਜ਼ਤ ਦੇ ਸਾਰੇ ਪ੍ਰਬੰਧ ਹਨ ਜਾਂ ਨਹੀਂ। ਕੀ ਇਨ੍ਹਾਂ ਵਿਭਾਗਾਂ ਨੇ ਸੰਘਣੀ ਆਬਾਦੀ ਵਾਲੇ ਇਲਾਕੇ ਵਿੱਚ ਪਟਾਕਾ ਫੈਕਟਰੀ ਲਾਉਣ ਦੀ ਇਜਾਜ਼ਤ ਦਿੱਤੀ ਸੀ?

ਇਸ ਸਬੰਧੀ ਹਾਈ ਕੋਰਟ ਦੇ ਹੁਕਮ ਵੀ ਪਹਿਲਾਂ ਆ ਚੁੱਕੇ ਹਨ ਕਿ ਰਿਹਾਇਸ਼ੀ ਇਲਾਕਿਆਂ ਵਿੱਚ ਵਪਾਰਕ ਕੰਮ ਨਹੀਂ ਹੋ ਸਕਦਾ। ਭ੍ਰਿਸ਼ਟਾਚਾਰ ਇਸ ਪੱਧਰ ਤੱਕ ਵਧ ਗਿਆ ਹੈ ਕਿ ਇਨ੍ਹਾਂ ਤਿੰਨਾਂ ਵਿਭਾਗਾਂ ਦੇ ਕਰਮਚਾਰੀ ਮਨੁੱਖੀ ਜਾਨਾਂ ਦੀਆਂ ਆਹੁਤੀਆਂ ਲੈਣ ਲੱਗੇ ਹੋਏ ਹਨ। ਜੇ ਮੈਜਿਸਟਰੇਟੀ ਜਾਂਚ ਦੇ ਦੋਸ਼ੀਆਂ ਉਤੇ ਸ਼ਿਕੰਜਾ ਕੱਸਿਆ ਜਾਵੇਗਾ ਤਾਂ ਸਬੰਧਤ ਵਿਭਾਗ ਦੇ ਅਧਿਕਾਰੀ ਤੇ ਸਥਾਨਕ ਸਿਆਸਤਦਾਨ ਦੋਸ਼ੀਆਂ ਨੂੰ ਬਚਾਉਣ ਵਿੱਚ ਲੱਗ ਜਾਣਗੇ। ਇਸ ਤੋਂ ਵੱਡੀ ਸ਼ਰਮ ਦੀ ਗੱਲ ਕੀ ਹੋ ਸਕਦੀ ਹੈ ਕਿ ਇਨਸਾਨੀ ਜ਼ਿੰਦਗੀਆਂ ਦੀ ਕੀਮਤ 'ਤੇ ਭ੍ਰਿਸ਼ਟਾਚਾਰ ਦਾ ਪੈਸਾ ਬਣ ਜਾਵੇਗਾ। ਹੈਰਾਨੀ ਦੀ ਗੱਲ ਹੈ ਕਿ 21 ਜਨਵਰੀ 2017 ਨੂੰ ਵੀ ਇਸ ‘ਮੱਟੂ ਪਟਾਕਾ ਵਰਕਸ' ਵਿੱਚ ਧਮਾਕਾ ਹੋਇਆ ਸੀ, ਜਿਸ ਵਿੱਚ ਇਕ ਮਜ਼ਦੂਰ ਦੀ ਮੌਤ ਹੋ ਗਈ ਸੀ ਅਤੇ ਤਿੰਨ ਜ਼ਖਮੀ ਹੋ ਗਏ ਸਨ। ਜਿਵੇਂ ਆਮ ਤੌਰ 'ਤੇ ਹੁੰਦਾ ਹੈ, ਪੜਤਾਲ ਹੋਈ ਤਾਂ ਇਸ ਫੈਕਟਰੀ ਦਾ ਲਾਇਸੈਂਸ ਰੱਦ ਕਰਨ ਦਾ ਐਲਾਨ ਕਰ ਦਿੱਤਾ ਗਿਆ, ਪਰ ਦੋ ਸਾਲ ਤੋਂ ਇਹ ਫੈਕਟਰੀ ਗੈਰ ਕਾਨੂੰਨੀ ਢੰਗ ਨਾਲ ਚੱਲ ਰਹੀ ਹੈ, ਪ੍ਰਸ਼ਾਸਨ ਭ੍ਰਿਸ਼ਟਾਚਾਰ ਦੀ ਐਨਕ ਲਾਈ ਬੈਠਾ ਹੈ। ਹੋ ਸਕਦਾ ਹੈ ਕਿ ਲਾਇਸੈਂਸ ਰੱਦ ਕਰਨ ਦਾ ਐਲਾਨ ਸਿਰਫ ਅਖਬਾਰਾਂ ਵਿੱਚ ਬਿਆਨ ਦੇਣ ਲਈ ਕੀਤਾ ਗਿਆ ਹੋਵੇ। ਕਾਗਜ਼ੀ ਕਾਰਵਾਈ ਕੀਤੀ ਹੀ ਨਾ ਹੋਵੇ। ਇਕ ਗੱਲ ਸਪੱਸ਼ਟ ਹੈ ਕਿ ਉਦਯੋਗ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦੀ ਮਿਲੀਭੁਗਤ ਨਾਲ ਗੈਰ ਕਾਨੂੰਨੀ ਕੰਮ ਜਾਰੀ ਸੀ। ਅੱਗੋਂ ਵੀ ਉਹੀ ਕੁਝ ਹੋਵੇਗਾ ਜੋ 2017 ਵਿੱਚ ਹੋਇਆ ਸੀ, ਲਾਇਸੈਂਸ ਪਹਿਲਾਂ ਹੀ ਰੱਦ ਹੈ, ਕਾਰਵਾਈ ਕੀ ਹੋਵੇਗੀ। ਇਹ ਤਾਂ ਰੱਬ, ਅਧਿਕਾਰੀ ਜਾਂ ਸਿਆਸਤਦਾਨ ਜਾਣਦੇ ਹਨ?

ਅਜਿਹੀਆਂ ਕਈ ਘਟਨਾਵਾਂ ਪਹਿਲਾਂ ਵੀ ਵਾਪਰੀਆਂ ਹਨ। ਅਪ੍ਰੈਲ 2012 ਵਿੱਚ ਮੋਗਾ ਵਿੱਚ ਰਿਹਾਇਸ਼ੀ ਇਲਾਕੇ ਵਿੱਚ ਗੈਰ ਕਾਨੂੰਨੀ ਪਟਾਕਾ ਫੈਕਟਰੀ ਵਿੱਚ ਧਮਾਕਾ ਹੋਇਆ ਸੀ, ਜਿਸ ਵਿੱਚ ਚਾਰ ਮਜ਼ਦੂਰਾਂ ਦੀ ਮੌਤ ਹੋਈ ਸੀ, 13 ਜੂਨ 2017 ਨੂੰ ਸੁਨਾਮ ਵਿਖੇ ਰਿਹਾਇਸ਼ੀ ਇਲਾਕੇ ਵਿੱਚ ਪਟਾਕਿਆਂ ਦੇ ਗੋਦਾਮ ਵਿੱਚ ਧਮਾਕਾ ਹੋਇਆ ਤੇ 27 ਮਜ਼ਦੂਰ ਜ਼ਖਮੀ ਹੋ ਗਏ। ਵੀਹ ਸਤੰਬਰ 2017 ਨੂੰ ਸੰਗਰੂਰ ਜ਼ਿਲੇ ਦੇ ਸੂਲਰ ਘਰਾਟ ਕਸਬੇ ਵਿੱਚ ਪਟਾਕਾ ਫੈਕਟਰੀ ਵਿੱਚ ਪੰਜ ਮਜ਼ਦੂਰ ਮਾਰੇ ਗਏ। ਇਕੱਤੀ ਮਈ 2018 ਨੂੰ ਅੰਮ੍ਰਿਤਸਰ ਵਿੱਚ ਅਜਿਹੀ ਘਟਨਾ ਵਿੱਚ ਇਕ ਮਜ਼ਦੂਰ ਦੀ ਮੌਤ ਹੋ ਗਈ ਤੇ ਤਿੰਨ ਜ਼ਖਮੀ ਹੋ ਗਏ। ਤਿੰਨ ਸਤੰਬਰ 2018 ਨੂੰ ਅੰਮ੍ਰਿਤਸਰ ਦੇ ਕੋਟ ਖਾਲਸਾ ਇਲਾਕੇ ਵਿੱਚ ਗੈਰ ਕਾਨੂੰਨੀ ਫੈਕਟਰੀ ਵਿੱਚ ਛੇ ਮਜ਼ਦੂਰ ਜ਼ਖਮੀ ਹੋ ਗਏ ਸਨ। ਸਰਕਾਰੀ ਕਰਮਚਾਰੀਆਂ ਅਤੇ ਅਧਿਕਾਰੀਆਂ ਨੂੰ ਇਨ੍ਹਾਂ ਸਨਅਤੀ ਇਕਾਈਆਂ ਦੀ ਚੈਕਿੰਗ ਜ਼ਰੂਰ ਕਰਨੀ ਚਾਹੀਦੀ ਹੈ ਕਿ ਕੀ ਉਨ੍ਹਾਂ ਨੇ ਆਪਣੇ ਮਜ਼ਦੂਰਾਂ ਜਾਂ ਕਾਮਿਆਂ ਦੀ ਹਿਫਾਜ਼ਤ ਦੇ ਪ੍ਰਬੰਧ ਕੀਤੇ ਹੋਏ ਹਨ?

ਕਿਰਤ ਵਿਭਾਗ ਦੀ ਅਣਗਹਿਲੀ ਕਾਰਨ ਇਹ ਸਾਰਾ ਕੁਝ ਵਾਪਰਿਆ ਹੈ। ਸੋਚਣ ਦੀ ਗੱਲ ਇਹ ਹੈ ਕਿ ਇਕ ਪਾਸੇ ਸਰਕਾਰਾਂ ਪ੍ਰਦੂਸ਼ਣ ਰੋਕਣ ਲਈ ਲੋਕਾਂ ਨੂੰ ਜਾਗ੍ਰਿਤ ਕਰਦੀਆਂ ਹਨ। ਦੂਜੇ ਪਾਸੇ ਪ੍ਰਦੂਸ਼ਣ ਫੈਲਾਉਣ ਵਾਲੇ ਲਾਇਸੈਂਸ ਦੇ ਰਹੀਆਂ ਹਨ। ਆਧੁਨਿਕ ਯੁੱਗ ਵਿੱਚ ਖੁਸ਼ੀ ਮਨਾਉਣ ਲਈ ਪਟਾਕਿਆਂ ਦੀ ਥਾਂ ਹੋਰ ਬਹੁਤ ਸਾਰੇ ਸਾਧਨ ਆ ਗਏ ਹਨ। ਇਸ ਲਈ ਲੋਕਾਂ ਨੂੰ ਸਰਕਾਰਾਂ ਦਾ ਸਾਥ ਦੇ ਕੇ ਪਟਾਕੇ ਨਹੀਂ ਚਲਾਉਣੇ ਚਾਹੀਦੇ। ਇਕ ਫਜ਼ੂਲਖਰਚੀ ਬੰਦ ਹੋਵੇਗੀ, ਦੂਜਾ ਪ੍ਰਦੂਸ਼ਣ ਤੋਂ ਰਾਹਤ ਮਿਲੇਗੀ। ਤੀਜਾ, ਸਭ ਤੋਂ ਮਹੱਤਵ ਪੂਰਨ ਕੰਮ ਇਨਸਾਨਾਂ ਦੀ ਜ਼ਿੰਦਗੀ ਬਚਾਈ ਜਾ ਸਕੇਗੀ।

# ਹੋਰਨਾਂ ਗ੍ਰਹਿਆਂ ਉੱਤੇ ਜੀਵਨ ਦੀਆਂ ਸੰਭਾਵਨਾਵਾਂ ਭਾਲਦਾ ਮਨੁੱਖ

-ਆਕਾਰ ਪਟੇਲ-

ਜੇ ਅਸੀਂ ਜੀਵਨ ਨੂੰ ਵਿਕਾਸਵਾਦੀ ਨਜ਼ਰੀਏ ਤੋਂ ਦੇਖੀਏ ਤਾਂ ਅਹਿਮ ਪ੍ਰਾਪਤੀਆਂ ਕੀ ਹਨ? ਉਹ ਹਨ 350 ਕਰੋੜ ਸਾਲ ਪਹਿਲਾਂ ਇੱਕ ਸੈੱਲ ਵਿੱਚ ਧਰਤੀ 'ਤੇ ਜੀਵਨ ਦੀ ਸ਼ੁਰੂਆਤ ਅਤੇ ਅਗਲਾ ਕਦਮ ਸੀ ਬਹੁ-ਸੈੱਲ ਜੀਵਨ, ਫਿਰ ਥਣ-ਧਾਰੀ ਜੀਵਾਂ ਦਾ ਵਿਕਾਸ ਅਤੇ ਹੋਰ ਗੁੰਝਲਦਾਰ ਪ੍ਰਾਣੀ। ਇਸ ਤੋਂ ਬਾਅਦ ਸਮੁੰਦਰ ਤੋਂ ਧਰਤੀ ਉਤੇ ਜੀਵਨ ਦਾ ਵਿਕਾਸ ਹੋਇਆ ਅਤੇ ਫਿਰ ਅਕਲ ਜਾਂ ਸਮਝਦਾਰੀ ਦਾ ਵਿਕਾਸ ਹੋਇਆ। ਇਸੇ ਕੜੀ 'ਚ ਅਸੀਂ ਮੌਜੂਦਾ ਸਮੇਂ ਤੱਕ ਪਹੁੰਚੇ ਹਾਂ। ਇੰਨੇ ਵੱਡੇ ਪੱਧਰ ਉੱਤੇ ਅਗਲਾ ਕਦਮ ਕੀ ਹੋਵੇਗਾ? ਇਹ ਸਪੱਸ਼ਟ ਹੋ ਜਾਂਦਾ ਹੈ ਕਿ ਜਦੋਂ ਅਸੀਂ ਇਸ ਗ੍ਰਹਿ ਉਤੇ ਆਪਣੇ ਜੀਵਨ ਨੂੰ ਵਿਕਾਸਾਦੀ ਨਜ਼ਰੀਏ ਤੋਂ ਦੇਖਦੇ ਹਾਂ ਤਾਂ ਕਲਾ, ਸੰਸਕ੍ਰਿਤੀ ਅਤੇ ਭਾਸ਼ਾ ਵਰਗੀਆਂ ਚੀਜ਼ਾਂ ਬਹੁਤੇ ਮਾਇਨੇ ਨਹੀਂ ਰੱਖਦੀਆਂ। ਮਨੁੱਖ ਜਾਤ ਨੇ ਜੋ ਜੰਗਾਂ ਲੜੀਆਂ ਤੇ ਜਿਵੇਂ ਸਾਨੂੰ ਇਤਿਹਾਸ ਪੜ੍ਹਾਇਆ ਤੇ ਸਮਝਾਇਆ ਜਾਂਦਾ ਹੈ ਕਿ ਉਹ ਖਾਸ ਅਹਿਮ ਨਹੀਂ ਰਹਿ ਗਿਆ। ਇਤਿਹਾਸ ਦੇ ਸਾਰੇ ਮਹਾਨ ਔਰਤਾਂ-ਪੁਰਸ਼ ਵੀ ਇਥੇ ਅਢੁੱਕਵੇਂ ਹੋ ਜਾਂਦੇ ਹਨ।

ਇੰਨੇ ਵੱਡੇ ਪੱਧਰ ਉੱਤੇ ਅਗਲਾ ਕਦਮ ਹੋਵੇਗਾ ਜੀਵਨ ਤੇ ਚੇਤਨਾ ਨੂੰ ਬਹੁ-ਗ੍ਰਹੀ ਬਣਾਉਣਾ, ਭਾਵ ਧਰਤੀ ਤੋਂ ਇਸ ਨੂੰ ਬਾਹਰ ਲਿਜਾਣਾ ਤੇ ਸੂਰਜ ਮੰਡਲ ਦੇ ਹੋਰ ਗ੍ਰਹਿਆਂ 'ਤੇ ਮਨੁੱਖੀ ਸਭਿਅਤਾ ਦਾ ਵਿਕਾਸ। ਜਦੋਂ ਅਸੀਂ ਇਤਿਹਾਸ ਅਤੇ ਵਿਕਾਸ ਨੂੰ ਇਸ ਨਜ਼ਰੀਏ ਨਾਲ ਦੇਖਦੇ ਹਾਂ ਤਾਂ ਦੇਸ਼ਾਂ ਦੇ ਸੰਬੰਧ ਵਿੱਚ ਸਾਡੇ ਮਤਭੇਦ ਅਤੇ ਧਰਮ ਅਰਥਹੀਣ ਅਤੇ ਛੋਟੀਆਂ ਚੀਜ਼ਾਂ ਲੱਗਣ ਲੱਗਦੇ ਹਨ। ਚੰਦਰਯਾਨ ਦੀ ਅਸਫਲਤਾ ਨੂੰ ਸਾਨੂੰ ਇਸੇ ਅੱਖ ਨਾਲ ਦੇਖਣਾ ਚਾਹੀਦਾ ਹੈ। ਇਸ ਦਾ ਮਕਸਦ ਚੰਦਰਮਾ 'ਤੇ ਬਰਫ ਦੀ ਸ਼ਕਲ ਵਿੱਚ ਪਾਣੀ ਦੀ ਸੰਭਾਵਨਾ ਲੱਭਣਾ ਸੀ। ਚੰਦ 'ਤੇ ਪਾਣੀ ਦਾ ਹੋਣਾ ਹੀ ਬਹੁ-ਗ੍ਰਹੀ ਜੀਵਨ ਦੀ ਦਿਸ਼ਾ ਵਿੱਚ ਪਹਿਲਾ ਕਦਮ ਹੋਵੇਗਾ, ਇਸ ਲਈ ਉਥੇ ਪਾਣੀ ਦੀ ਭਾਲ ਤੇ ਉਸ ਦੀ ਵਰਤੋਂ ਕਰਨਾ ਅਹਿਮ ਹੈ।

ਪੁਲਾੜ ਵਿੱਚ ਸਾਡੀ ਯਾਤਰਾ ਦੌਰਾਨ ਉਥੇ ਲਿਜਾਈਆਂ ਜਾਣ ਵਾਲੀਆਂ ਚੀਜ਼ਾਂ ਦੇ ਸੰਬੰਧ ਵਿੱਚ ਧਰਤੀ ਦੀ ਗੁਰੂਤਾ-ਖਿੱਚ ਬਹੁਤ ਅਹਿਮ ਹੈ। ਰਾਕੇਟ ਦਾ 10 ਫੀਸਦੀ ਤੋਂ ਘੱਟ ਭਾਰ ਪੰਧ 'ਚ ਸਥਾਪਤ ਕੀਤਾ ਜਾ ਸਕਦਾ ਹੈ, ਜਦ ਕਿ ਬਾਕੀ ਨੱਬੇ ਫੀਸਦੀ ਫਿਊਲ ਅਤੇ ਕੰਟੇਨਰ ਵਜੋਂ ਪਹਿਲੇ ਕੁਝ ਮਿੰਟਾਂ ਵਿੱਚ ਖਰਚ ਹੋ ਜਾਂਦਾ ਹੈ। ਅਜਿਹਾ ਇਸ ਲਈ ਹੈ ਕਿ ਪੰਧ ਵਿੱਚ ਜਾਣ ਦਾ ਮਤਲਬ ਹੈ 28000 ਕਿਲੋਮੀਟਰ ਪ੍ਰਤੀ ਘੰਟੇ ਦੀ ਰਫਤਾਰ ਹਾਸਲ ਕਰਨਾ। ਜੇ ਪੁਲਾੜ ਵਿੱਚ ਕੋਈ ਚੀਜ਼ ਇਸ ਨਾਲੋਂ ਘੱਟ ਰਫਤਾਰ 'ਚ ਚੱਲਦੀ ਹੈ ਤਾਂ ਧਰਤੀ ਦੀ ਗੁਰੂਤਾ-ਖਿੱਚ ਕਾਰਨ ਇਹ ਮੁੜ ਧਰਤੀ 'ਤੇ ਆ ਜਾਵੇਗੀ। ਅਸੀਂ ਚਾਰ ਸਾਲ ਜਾਂ ਉਸ ਤੋਂ ਵੱਧ ਸਮੇਂ ਲਈ ਸਫਰ 'ਤੇ ਜਾਣਾ ਹੋਵੇ (ਮੰਗਲ 'ਤੇ ਜਾਣ ਅਤੇ ਵਾਪਸ ਆਉਣ ਵਿੱਚ ਘੱਟੋ-ਘੱਟ ਇੰਨਾ ਸਮਾਂ ਲੱਗੇਗਾ) ਤਾਂ ਅਸੀਂ ਉਸ ਲਈ ਲੋੜੀਂਦਾ ਭੋਜਨ, ਪਾਣੀ ਅਤੇ ਫਿਊਲ ਆਪਣੇ ਨਾਲ ਨਹੀਂ ਲਿਜਾ ਸਕਦੇ।

ਸਾਡੇ ਵਿੱਚੋਂ ਬਹੁਤ ਸਾਰੇ ਲੋਕ ਗਰੀਬ ਦੇਸ਼ਾਂ 'ਚ ਅਜਿਹੇ ਖਰਚ ਦੇ ਪ੍ਰਸ਼ੰਸਕ ਨਹੀਂ ਹਨ, ਪਰ ਇਥੇ ਕੁਝ ਹੋਰ ਗੱਲਾਂ 'ਤੇ ਵੀ ਵਿਚਾਰ ਕਰਨਾ ਜ਼ਰੂਰੀ ਹੈ। ਮੈਂ ਪਹਿਲਾਂ ਲਿਖਦਾ ਰਿਹਾ ਹਾਂ ਕਿ ਕਿਸ ਤਰ੍ਹਾਂ ਪੁਲਾੜ ਦੀ ਛਾਣਬੀਣ ਸਾਡੇ ਸਭ ਲਈ ਜ਼ਿਆਦਾ ਖੁੱਲ੍ਹੇ ਦਿਮਾਗ ਵਾਲਾ ਰਸਤਾ ਹੋ ਸਕਦੀ ਹੈ। ਜੀਵਨ ਦੇ ਵਿਕਾਸ ਬਾਰੇ, ਇਸ ਦੇ ਪੈਮਾਨੇ ਤੇ ਇਹ ਪੁਲਾੜ ਯਾਤਰਾ ਵਿੱਚ ਕਿਵੇਂ ਫਿੱਟ ਬੈਠਦਾ ਹੈ, ਇਸ ਬਾਰੇ ਸੋਚਣ ਨਾਲ ਕਈ ਮੌਜੂਦਾ ਮੁੱਦਿਆਂ 'ਤੇ ਸਾਡੀ ਧਾਰਨਾ ਬਦਲ ਜਾਵੇਗੀ।

ਚੰਦਰਯਾਨ ਦੀ ਅਸਫਲ ਕੋਸ਼ਿਸ਼ ਤਦੇ ਅਸਫਲਤਾ ਜਾਂ ਨੁਕਸਾਨ ਮੰਨੀ ਜਾਵੇਗੀ, ਜੇ ਅਸੀਂ ਇਸ ਤੋਂ ਕੋਈ ਸਬਕ ਨਾ ਲਈਏ। ਪੁਲਾੜ ਖਤਰਨਾਕ ਹੈ ਤੇ ਜਦੋਂ ਮਨੁੱਖ ਅਗਲਾ ਵਿਕਾਸਵਾਦੀ ਕਦਮ ਚੁੱਕਦਾ ਹੈ ਤਾਂ ਕਈ ਯਤਨ ਅਸਫਲ ਵੀ ਹੁੰਦੇ ਹਨ। ਅਜਿਹਾ ਕੋਈ ਕਦਮ ਸੋਚ-ਸਮਝ ਕੇ, ਯੋਜਨਾਬੱਧ ਢੰਗ ਨਾਲ ਚੁੱਕਿਆ ਜਾਵੇਗਾ, ਇਹ ਇੱਕ ਕੁਦਰਤੀ ਘਟਨਾ ਵਜੋਂ ਨਹੀਂ ਹੋ ਸਕਦਾ। ਦੁਨੀਆ ਦੀ ਸਭ ਤੋਂ ਵੱਡੀ ਪੁਲਾੜ ਕੰਪਨੀ ਸਪੇਸ ਐਕਸ ਦੁਨੀਆ ਦੀ ਪਹਿਲੀ ਨਿੱਜੀ ਕੰਪਨੀ ਸੀ, ਜਿਸ ਨੇ 10 ਸਾਲ ਪਹਿਲਾਂ ਇੱਕ ਰਾਕੇਟ ਨੂੰ ਪੁਲਾੜ ਦੇ ਪੰਧ ਵਿੱਚ ਸਥਾਪਤ ਕੀਤਾ ਸੀ। ਇਹ ਆਪਣੇ ਪਹਿਲੇ ਤਿੰਨ ਯਤਨਾਂ ਵਿੱਚ ਅਸਫਲ ਰਹੀ ਤੇ ਚੌਥੇ ਅਤੇ ਆਖਰੀ ਯਤਨ ਵਿੱਚ ਸਫਲ ਹੋ ਸਕੀ। ਉਦੋਂ ਇਸ ਕੋਲ ਸਿਰਫ ਚੌਥੇ ਯਤਨ ਜੋਗਾ ਧਨ ਬਾਕੀ ਸੀ। ਅੱਜ ਇੱਕ ਦਹਾਕੇ ਪਿੱਛੋਂ ਇਹ ਕੰਪਨੀ ਮਨੁੱਖ ਨੂੰ ਮੰਗਲ ਗ੍ਰਹਿ 'ਤੇ ਲਿਜਾਣ ਲਈ ਵੱਡੇ ਰਾਕੇਟ ਬਣਾ ਰਹੀ ਹੈ।

ਆਧੁਨਿਕ ਸਮੇਂ ਵਿੱਚ ਕੰਪਿਊਟਰਾਂ ਦੀ ਤਾਕਤ ਕਾਰਨ ਦੁਨੀਆ ਵਿੱਚ ਤਕਨੀਕ ਅਸਾਧਾਰਨ ਤੇਜ਼ੀ ਨਾਲ ਵਿਕਸਿਤ ਹੋ ਰਹੀ ਹੈ। ਸਾਡੇ ਜੀਵਨਕਾਲ ਵਿੱਚ ਕੁਝ ਸਾਲਾਂ ਅੰਦਰ ਅਸੀਂ ਅਜਿਹੀਆਂ ਪ੍ਰਾਪਤੀਆਂ ਹੁੰਦੀਆਂ ਦੇਖਾਂਗੇ, ਜਿਨ੍ਹਾਂ ਦੀ ਅੱਜ ਅਸੀਂ ਕਲਪਨਾ ਵੀ ਨਹੀਂ ਕਰ ਸਕਦੇ। ਇੱਕ ਸਮਾਂ ਆਉਣ 'ਤੇ ਧਰਤੀ ਜੀਵਨ ਧਾਰਨ ਕਰਨ ਦੇ ਯੋਗ ਨਹੀਂ ਰਹੇਗੀ ਅਤੇ ਇਹ ਅਸਲੀਅਤ ਹੈ। ਕਿਸੇ ਗ੍ਰਹਿ ਦੇ ਟਕਰਾਉਣ ਜਾਂ ਕਿਸੇ ਹੋਰ ਕੁਦਰਤੀ ਆਫਤ, ਪਰਲੋ ਨਾਲ ਧਰਤੀ 'ਤੇ ਜੀਵਨ ਖਤਮ ਹੋ ਜਾਵੇਗਾ। ਜੇ ਹੋਰ ਕੁਝ ਨਾ ਹੋਵੇ ਤਾਂ ਕੁਝ ਕਰੋੜ ਸਾਲਾਂ ਵਿੱਚ ਸੂਰਜ ਆਪਣੀ ਐਨਰਜੀ ਗੁਆ ਬੈਠੇਗਾ। ਮਨੁੱਖਾਂ ਅਤੇ ਚੇਤਨ ਪ੍ਰਾਣੀਆਂ ਲਈ ਹੋਂਦ ਦਾ ਇੱਕੋ ਤਰੀਕਾ ਬ੍ਰਹਿਮੰਡ ਵਿੱਚ ਹੋਰ ਜਗ੍ਹਾ 'ਤੇ ਜਾਣਾ ਹੋਵੇਗਾ। ਸਾਨੂੰ ਇਸਰੋ, ਨਾਸਾ, ਚੀਨੀ ਪੁਲਾੜ ਏਜੰਸੀ ਅਤੇ ਸਪੇਸ ਐਕਸ ਸਭ ਦੇ ਯਤਨਾਂ ਨੂੰ ਸਾਂਝੇ ਤੌਰ 'ਤੇ ਮਨੁੱਖਤਾ ਦੇ ਯਤਨਾਂ ਵਜੋਂ ਦੇਖਣਾ ਚਾਹੀਦਾ ਹੈ।

# ਡਾ. ਸਰਦਾਰਾ ਸਿੰਘ ਜੌਹਲ ਦੀ ਪੰਜਾਬੀਆਂ ਨੂੰ ਹਾਕ

-ਪ੍ਰਿੰ. ਸਰਵਣ ਸਿੰਘ-

“ਮੈਨੂੰ ਮੇਰੀ ਪਸੰਦ ਦਾ ਮੁੱਖ ਮੰਤਰੀ ਦਿਉ। ਜੇ ਪੰਜਾਂ ਸਾਲਾਂ ਵਿਚ ਪੰਜਾਬ ਨੂੰ ਮੁੜ ਖੜ੍ਹਾ ਨਾ ਕੀਤਾ ਤਾਂ ਬੇਸ਼ਕ ਮੈਨੂੰ ਚੌਂਕ ’ਚ ਖੜ੍ਹਾ ਕੇ ਗੋਲੀ ਮਾਰ ਦਿਓ!” ਇਹ ਕਹਿਣਾ ਹੈ ‘ਖੇਤੀ ਅਰਥਚਾਰੇ ਦੇ ਧਰੂ ਤਾਰੇ’ ਪਦਮ ਭੂਸ਼ਨ ਡਾ. ਸਰਦਾਰਾ ਸਿੰਘ ਜੌਹਲ ਦਾ।

ਇਹਨੀਂ ਦਿਨੀਂ ਉਹ ਤੇ ਉਹਨਾਂ ਦੇ ਸਾਥੀ ਲੋਕਾਂ ਦੇ ਸੰਵਿਧਾਨਕ ਅਧਿਕਾਰਾਂ ਲਈ ‘ਲੋਕ ਅਧਿਕਾਰ ਲਹਿਰ’ ਚਲਾ ਰਹੇ ਹਨ ਜਿਸ ਦੇ ਤਿੰਨ ਵੱਡੇ ’ਕੱਠ ਹੋ ਚੁੱਕੇ ਹਨ। ਆਮ ਲੋਕਾਂ ਤੇ ਬੁਧੀਜੀਵੀਆਂ ਦਾ ਹੁੰਗਾਰਾ ਉਤਸ਼ਾਹ ਭਰਿਆ ਹੈ। ਪਹਿਲਾ ’ਕੱਠ ਪਿੰਡ ਖੋਸਾ ਪਾਂਡੋ, ਦੂਜਾ ਜਲਾਲਾਬਾਦ ਤੇ ਤੀਜਾ ਮੁੱਲਾਂਪੁਰ ਹੋਇਆ। ਲੋਟੂ ਸਰਕਾਰਾਂ ਤੋਂ ਸਤੇ ਹੋਏ ਹਰ ਵਰਗ ਦੇ ਲੋਕ ਆਮੁਹਾਰੇ ਇਨ੍ਹਾਂ ’ਕੱਠਾਂ ਵਿਚ ਆਏ। ਲੋਕ ਅਧਿਕਾਰ ਲਹਿਰ ਦੀ ਅਗਵਾਈ ਕਰਨ ਵਾਲੇ ਡਾ. ਜੌਹਲ ਬਾਰੇ ਸ਼ਾਇਦ ਸਾਰੇ ਲੋਕਾਂ ਨੂੰ ਪੂਰੀ ਜਾਣਕਾਰੀ ਨਾ ਹੋਵੇ ਇਸ ਲਈ ਉਹਨਾਂ ਬਾਰੇ ਕੁਝ ਵਿਸਥਾਰ ਵਿਚ ਦੱਸਣਾ ਜ਼ਰੂਰੀ ਹੈ।

ਡਾ. ਜੌਹਲ ਵਿਦਵਤਾ ਦਾ ਭਰ ਵਗਦਾ ਦਰਿਆ ਹੈ। ਗਿਆਨ ਦਾ ਲਟ-ਲਟ ਬਲਦਾ ਚਿਰਾਗ਼ ਜਿਸ ਨਾਲ ਨਿੱਤ ਨਵੇਂ ਦੀਵੇ ਜਗਦੇ ਹਨ। ਉਨ੍ਹਾਂ ਦੀ ਸਵੈ ਜੀਵਨੀ ‘ਰੰਗਾਂ ਦੀ ਗਾਗਰ’ ਲੱਖਾਂ ਪਾਠਕਾਂ ਨੇ ਪੜ੍ਹੀ ਹੈ ਜਿਸ ਦੀਆਂ ਅਨੇਕਾਂ ਐਡੀਸ਼ਨਾਂ ਛਪ ਚੁੱਕੀਆਂ ਹਨ। ਉਨ੍ਹਾਂ ਨੇ ਅਨੇਕਾਂ ਖੋਜ ਪੱਤਰ, ਰਿਪੋਰਟਾਂ ਤੇ ਅੰਗਰੇਜ਼ੀ ਵਿਚ ਉੱਚ ਪਾਏ ਦੀਆਂ ਪੁਸਤਕਾਂ ਲਿਖੀਆਂ ਹਨ। ਉਨ੍ਹਾਂ ਨੂੰ ਵਡੇਰੀ ਉਮਰ ਵਿਚ ਵੀ ਆਹਰੇ ਲੱਗੇ ਵੇਖ ਕੇ ਹਰ ਕਿਸੇ ਨੂੰ ਪ੍ਰੇਰਨਾ ਮਿਲਦੀ ਹੈ ਕਿ ਆਪਾਂ ਵੀ ਕੁਝ ਕਰੀਏ। ਉਸੇ ਪ੍ਰੇਰਨਾ ਸਦਕਾ ਮੈਥੋਂ ਉਨ੍ਹਾਂ ਦੀ ਜੀਵਨੀ ‘ਰੰਗਾਂ ਦੀ ਗਾਗਰ ਵਾਲਾ ਸਰਦਾਰਾ ਸਿੰਘ ਜੌਹਲ’ ਲਿਖੀ ਗਈ ਜੋ ਪੀਪਲਜ਼ ਫ਼ੋਰਮ ਬਰਗਾੜੀ ਨੇ ਛਾਪੀ।

ਡਾ. ਜੌਹਲ ਅੰਤਰਰਾਸ਼ਟਰੀ ਪੱਧਰ ਦੇ ਖੇਤੀ ਅਰਥਸ਼ਾਸਤਰੀ ਹਨ। ਉਨ੍ਹਾਂ ਦੀਆਂ ਸੇਵਾਵਾਂ ਕੌਮਾਂਤਰੀ ਖੇਤਰਾਂ ਤਕ ਪਹੁੰਚੀਆਂ ਹਨ ਤੇ ਉਹ ਚਾਲੀ ਕੁ ਮੁਲਕਾਂ ਵਿਚ ਜਾ ਚੁੱਕੇ ਹਨ। ਉਹ ਸੱਚਾ-ਸੁੱਚੇ, ਸੁਹਿਰਦ, ਈਮਾਨਦਾਰ ਤੇ ਉੱਚੇ ਕਿਰਦਾਰ ਦੇ ਮਾਲਕ ਹਨ। ਵਿਦਵਤਾ ਦੇ ਬਾਬਾ ਬੋਹੜ। ਉਹ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਚਾਰ ਸਾਲ ਵੱਡੇ ਹਨ। ਦੋਵੇਂ ਸਰਦਾਰ ਧਨੰਤਰ ਅਰਥਸ਼ਾਸਤਰੀ ਹਨ ਜੋ ਪੱਛਮੀ ਪੰਜਾਬ ਵਿਚ ਜੰਮੇ ਪਲੇ। ਡਾ. ਮਨਮੋਹਨ ਸਿੰਘ ਦਾ ਪਿੰਡ ਪੋਠੋਹਾਰ ਵਿੱਚ ਗਾਹ ਹੈ ਤੇ ਡਾ. ਜੌਹਲ ਦਾ ਬਾਰ ਵਿੱਚ ਚੱਕ 104 ਸਮਰਾ-ਜੰਡਿਆਲਾ। ਦੇਸ਼ ਦੀ ਵੰਡ ਸਮੇਂ ਇਹ ਪਿੰਡ ਪਾਕਿਸਤਾਨ ਵਿੱਚ ਚਲੇ ਗਏ ਗਏ। ਪਾਕਿਸਤਾਨ ’ਚੋਂ ਉੱਜੜੇ ਇਹ ਦੋਵੇਂ ਪੇਂਡੂ ਨੌਜੁਆਨ ਚੜ੍ਹਦੇ ਪੰਜਾਬ ਦੇ ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੜ੍ਹ ਕੇ ਭਾਰਤੀ ਯੂਨੀਵਰਸਿਟੀਆਂ ਦੇ ਮਾਣਯੋਗ ਪ੍ਰੋਫ਼ੈਸਰ ਬਣੇ। ਦੋਹਾਂ ਨੇ ਯੂ. ਐੱਨ. ਓ. ਵਿਚ ਸੇਵਾ ਕੀਤੀ, ਭਾਰਤੀ ਰਿਜ਼ਰਵ ਬੈਂਕ ਦੇ ਡਾਇਰੈਕਟਰ ਬਣੇ ਤੇ ਦੋਵੇਂ ਭਾਰਤ ਦੇ ਪ੍ਰਧਾਨ ਮੰਤਰੀਆਂ ਦੀ ਆਰਥਿਕ ਸਲਾਹਕਾਰ ਕੌਂਸਲਾਂ ਦੇ ਮੈਂਬਰ ਰਹੇ। ਡਾ. ਮਨਮੋਹਨ ਸਿੰਘ ਵਰਲਡ ਬੈਂਕ ਵਿੱਚ ਕੰਮ ਕਰਨ ਅਤੇ ਭਾਰਤ ਦੇ ਖ਼ਜ਼ਾਨਾ ਮੰਤਰੀ ਬਣਨ ਪਿੱਛੋਂ ਦੋ ਵਾਰ ਭਾਰਤ ਦੇ ਪ੍ਰਧਾਨ ਮੰਤਰੀ ਬਣੇ ਪਰ ਡਾ. ਜੌਹਲ ਰਾਜ ਸੱਤਾ ਮਗਰ ਨਾ ਗਏ।

ਡਾ. ਜੌਹਲ ਦੋ ਯੂਨੀਵਰਸਿਟੀਆਂ ਦੇ ਵਾਈਸ ਚਾਂਸਲਰ, ਡਾਇਰੈਕਟਰ ਰਿਸਰਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ, ਅਮਰੀਕਾ ਦੀ ਓਹਾਈਓ ਸਟੇਟ



ਯੂਨੀਵਰਸਿਟੀ ਦੇ ਵਿਜ਼ਟਿੰਗ ਪ੍ਰੋਫ਼ੈਸਰ, ਇੰਡੀਅਨ ਕੌਂਸਲ ਆਫ਼ ਐਗਰੀਕਲਚਰਲ ਰਿਸਰਚ ਦੇ ਨੈਸ਼ਨਲ ਪ੍ਰੋਫ਼ੈਸਰ ਆਫ਼ ਐਮੀਨੈਂਸ ਇਨ ਇਕਨੌਮਿਕਸ, ਖੇਤੀ ਲਾਗਤਾਂ ਤੇ ਕੀਮਤਾਂ ਕਮਿਸ਼ਨ ਦੇ ਚੇਅਰਮੈਨ, ਭਾਰਤ ਦੇ ਚਾਰ ਪ੍ਰਧਾਨ ਮੰਤਰੀਆਂ ਦੀ ਆਰਥਿਕ ਸਲਾਹਕਾਰ ਕੌਂਸਲ ਦੇ ਮਾਣਯੋਗ ਮੈਂਬਰ, ਡਾਇਰੈਕਟਰ ਸੈਂਟਰਲ ਗਵਰਨਿੰਗ ਬੋਰਡ ਆਫ਼ ਰਿਜ਼ਰਵ ਬੈਂਕ, ਕਨਸਲਟੈਂਟ ਵਰਲਡ ਬੈਂਕ, ਐਡੀਟਰ ਇਨ ਚੀਫ਼ ਮੈਨ ਐਂਡ ਡਿਵੈਲਪਮੈਂਟ ਮੈਗਜ਼ੀਨ ਅਤੇ ਯੋਜਨਾ ਬੋਰਡ ਪੰਜਾਬ ਦੇ ਉਪ ਚੇਅਰਮੈਨ ਰਹਿਣ ਪਿੱਛੋਂ ਸੈਂਟਰਲ ਯੂਨੀਵਰਸਿਟੀ ਆਫ਼ ਪੰਜਾਬ, ਬਠਿੰਡਾ, ਦੇ ਪਹਿਲੇ ਚਾਂਸਲਰ ਬਣੇ। ਬਣੇ ਤਾਂ ਉਹ ਹੋਰ ਵੀ ਬਹੁਤ ਕੁਝ ਪਰ ਸਿਆਸਤ ਦੀਆਂ ਪੌੜੀਆਂ ਨਹੀਂ ਚੜ੍ਹੇ। ਇਸੇ ਕਰਕੇ ਉਹਨਾਂ ਦੀ ਚਰਚਾ ਡਾ. ਮਨਮੋਹਨ ਸਿੰਘ ਜਿੰਨੀ ਨਹੀਂ ਹੋਈ। ਚੋਣ ਲੜਨ ਦਾ ਮੌਕਾ ਮਿਲਣ ਦੇ ਬਾਵਜੂਦ ਉਨ੍ਹਾਂ ਨੇ ਸਿਆਸੀ ਚੋਣ ਲੜਨ ਦੀ ਹਾਮੀ ਨਹੀਂ ਭਰੀ। ਹਾਮੀ ਭਰਦੇ ਤਾਂ ਪੰਜਾਬ/ਕੇਂਦਰ ਦੇ ਵਿਤ ਮੰਤਰੀ ਸਹਿਜੇ ਹੀ ਬਣ ਸਕਦੇ ਸਨ। ਗਵਰਨਰ ਲੱਗ ਸਕਦੇ ਸਨ, ਰਾਜਦੂਤ ਹੋ ਸਕਦੇ ਸਨ, ਉਪ ਰਾਸ਼ਟਰਪਤੀ ਤੇ ਰਾਸ਼ਟਰਪਤੀ ਬਣਨ ਦੇ ਰਾਹ ਪੈ ਸਕਦੇ ਸਨ। ਉਨ੍ਹਾਂ ਦਾ ਬਿੰਬ ਇਕ ਸਾਊ, ਸਾਦੇ, ਮਿਹਨਤੀ, ਮਿਲਾਪੜੇ ਤੇ ਖੁੱਲ੍ਹ-ਦਿਲੇ ਵਿਦਵਾਨ ਦਾ ਬਣਿਆ ਹੋਇਆ ਹੈ। ਵੱਡੇ ਹੋ ਕੇ ਵੀ ਉਹ ਕਿਸੇ ਨੂੰ ਆਪਣੀ ਵਡੱਤਣ ਮਹਿਸੂਸ ਨਹੀਂ ਹੋਣ ਦਿੰਦੇ। ਹਰੇਕ ਨੂੰ ਇੰਜ ਲੱਗਦੈ ਜਿਵੇਂ ਜੌਹਲ ਆਪਣਾ ਪਰਿਵਾਰਕ ਵਡੇਰਾ ਹੋਵੇ।

ਡਾ. ਜੌਹਲ ਤੇ ਡਾ. ਮਨਮੋਹਨ ਸਿੰਘ ਕੱਚੇ ਕੋਠਿਆਂ ਵਾਲੇ ਪਿੰਡਾਂ ਵਿਚ ਜੰਮੇ ਪਲੇ ਤੇ ਤੱਪੜਾਂ ਵਾਲੇ ਸਕੂਲਾਂ ਵਿਚ ਅਨਟ੍ਰੇਂਡ ਅਧਿਆਪਕਾਂ ਤੋਂ ਪੜ੍ਹੇ। ਦੋਹਾਂ ਨੇ ਮੁੱਢਲੇ ਅੱਖਰ ਅਲਫ਼ ਬੇ ਤੇ ਏਕਾ ਦੂਆ ਰੇਤੇ ਉਤੇ ਲਿਖਣੇ ਸਿੱਖੇ ਸਨ। ਉਨ੍ਹਾਂ ਦਾ ਆਲਾ ਦੁਆਲਾ ਅਨਪੜ੍ਹ ਲੋਕਾਂ ਦਾ ਸੀ ਜਿਥੇ ਮੈਟ੍ਰਿਕ ਪਾਸ ਵੀ ਕੋਈ ਘੱਟ ਹੀ ਮਿਲਦਾ ਸੀ। ਸਕੂਲਾਂ ਦੇ ਉਸਤਾਦ ਵੀ ਅੱਠ ਦਸ ਜਮਾਤਾਂ ਹੀ ਪੜ੍ਹੇ ਹੁੰਦੇ ਸਨ। ਬਹੁਤਿਆਂ ਨੇ ਮਾਸਟਰੀ ਦਾ ਕੋਈ ਕੋਰਸ ਨਹੀਂ ਸੀ ਕੀਤਾ ਹੁੰਦਾ। ਪਰ ਉਨ੍ਹਾਂ ਅੰਦਰ ਪੜ੍ਹਾਈ ਕਰਾਉਣ ਦਾ ਮਿਸ਼ਨਰੀ ਜਜ਼ਬਾ ਹੁੰਦਾ ਸੀ।

ਉਦੋਂ ਪਿੰਡਾਂ ਵਿਚ ਸ਼ਹਿਰੀ ਵਿਦਿਆ ਦਾ ਚਾਨਣ ਨਹੀਂ ਸੀ ਅਪੜਿਆ। ਵਿਦਿਆਥੀਆਂ ਦੇ ਪੜ੍ਹਨ ਲਿਖਣ ਲਈ ਕਾਇਦੇ ਤੇ ਫੱਟੀਆਂ ਸਨ। ਕਾਨਿਆਂ ਦੀਆਂ ਕਲਮਾਂ, ਸੂਫ ਦੀ ਸਿਆਹੀ ਤੇ ਫੱਟੀਆਂ ਪੋਚਣ ਲਈ ਗਾਚਣੀ ਸੀ। ਇਹ ਕੁਦਰਤ ਦਾ ਕ੍ਰਿਸ਼ਮਾ ਹੀ ਹੈ ਕਿ ਉਸ ਮਹੌਲ ਵਿਚ ਮੁੱਢਲੀ ਵਿੱਦਿਆ ਹਾਸਲ ਕਰਨ ਵਾਲੇ ਸਰਦਾਰਾ ਸਿੰਘ ਤੇ ਮਨਮੋਹਨ ਸਿੰਘ ਵਿਸ਼ਵ ਦੇ ਉੱਘੇ ਅਰਥਸ਼ਾਸਤਰੀ ਬਣੇ!

ਸੁਆਲ ਪੈਦਾ ਹੁੰਦਾ ਹੈ ਕਿ ਅੱਜ ਕੱਲ੍ਹ ਮਹਿੰਗੀਆਂ ਫੀਸਾਂ ਲੈਣ ਵਾਲੇ, ਟਿਊਸ਼ਨਾਂ ਕਰਨ ਕਰਾਉਣ ਵਾਲੇ, ਬੱਚਿਆਂ ਤੋਂ ਬਚਪਨ ਦੀ ਬਾਦਸ਼ਾਹੀ ਖੋਹਣ ਵਾਲੇ, ਕਿਤਾਬਾਂ ਕਾਪੀਆਂ ਦੇ ਭਾਰ ਹੇਠਾਂ ਬੱਚਿਆਂ ਨੂੰ ਦਬਾਉਣ ਵਾਲੇ, ਸਿਹਤਾਂ ਗੁਆਉਣ ਵਾਲੇ, ਐਨਕਾਂ ਲੁਆਉਣ ਵਾਲੇ ਤੇ ਇਮਤਿਹਾਨਾਂ ਦੀਆਂ ਚਿੰਤਾਵਾਂ ਵਿਚ ਡਬੋਈ ਰੱਖਣ ਵਾਲੇ ਮਾਡਰਨ ਸਕੂਲ ਕਾਹਦੇ ਲਈ ਵਧੀ ਫੁੱਲੀ ਜਾਂਦੇ ਹਨ? ਵਿਦਿਆਰਥੀਆਂ ਨੂੰ ਉਹ ਜੋ ਬਣਾਉਂਦੇ ਹਨ ਉਹ ਕਿਸੇ ਤੋਂ ਗੁੱਝੇ ਨਹੀਂ। ਲੋਕ ਭਲਾਈ ਕਰਨ ਵਾਲੇ ਈਮਾਨਦਾਰ ਇਨਸਾਨ ਬਣਾਉਣ ਦੀ ਥਾਂ ਉਹ ਜ਼ਿਆਦਾਤਰ ਪੈਸੇ ਕਮਾਉਣ ਦੀਆਂ ਮਸ਼ੀਨਾਂ ਤਿਆਰ ਕਰ ਰਹੇ ਹਨ। ਕੈਰੀਅਰ ਬਣਾਉਣ ਦੇ ਨਾਂ ਉਤੇ ਬੱਚਿਆਂ ਤੋਂ ਬਚਪਨ ਖੋਹ ਲੈਣਾ, ਜੁਆਨਾਂ ਤੋਂ ਜੁਆਨੀ ਤੇ ਬਜ਼ੁਰਗਾਂ ਤੋਂ ਬਜ਼ੁਰਗੀ, ਇਹ ਕਿਧਰਲੀ ਪੜ੍ਹਾਈ ਤੇ ਕਿਧਰਲੀ ਤਰੱਕੀ ਹੈ? ਸੋਚਣਾ ਚਾਹੀਦੈ ਕਿ ਸਾਡੀ ਸਿੱਖਿਆ ਨੀਤੀ ਸਾਡੇ ਬੱਚਿਆਂ ਨੂੰ ਕਿਧਰ ਨੂੰ ਲਿਜਾ ਰਹੀ ਹੈ? ਜੇ ਪੁਰਾਣੇ ਸਾਧਾਰਨ ਸਕੂਲ ਸੁਹਿਰਦ ਇਨਸਾਨ ਤੇ ਵਿਦਵਾਨ ਪੈਦਾ ਕਰਦੇ ਰਹੇ ਤਾਂ ਹੁਣ ਦੇ ਆਧੁਨਿਕ ਸਕੂਲਾਂ ਨੂੰ ਕੀ ਬਿਮਾਰੀ ਪਈ ਹੈ?

ਡਾ. ਨਿਰਮਲ ਸਿੰਘ ਲਾਂਬੜਾ ਨੇ ਸਹੀ ਲਿਖਿਆ ਹੈ, “ਡਾ. ਜੌਹਲ ਸਵੈਮਾਨੀ, ਅਣਖੀਲਾ, ਸੰਵੇਦਨਸ਼ੀਲ, ਸੋਚਵਾਨ, ਅੱਗੇਵਧੂ, ਧੀਰਜਵਾਨ ਤੇ ਕਿਰਤੀ ਮਨੁੱਖ ਹੈ। ਉਸ ਨੂੰ ਆਪਣੀ ਮਿੱਟੀ ਨਾਲ ਹਕੀਕੀ ਮੋਹ ਹੈ। ਉਹ ਹਮੇਸ਼ਾਂ ਨਿਰਭਉ ਤੇ ਨਿਰਵੈਰ ਹੋ ਕੇ ਵਿਚਰਦਾ ਹੈ। ਉਜੱਡਵਾਦ ਦੀ ਹਉਮੈ ਤੋਂ ਉਹ ਪੂਰੀ ਤਰ੍ਹਾਂ ਮੁਕਤ ਹੈ। ਪੇਂਡੂ ਪਿਛੋਕੜ, ਪੰਜਾਬੀ ਮਾਂ ਬੋਲੀ, ਹੱਥੀਂ ਕੰਮ ਕਰਨ, ਸਦਾ ਸੱਚ ਉਤੇ ਪਹਿਰਾ ਦੇਣ ਤੇ ਖਰੀ ਖਰੀ ਕਹਿਣ ਉਤੇ ਸਾਡੇ ਵੱਡੇ ਵੀਰ ਜੌਹਲ ਨੂੰ ਜਿਹੜਾ ਮਾਣ ਹੈ ਉਹ ਉੱਚੇ ਤੋਂ ਉੱਚੇ ਅਹੁਦੇ ਹਾਸਲ ਕਰਨ ਵਿਚ ਕਦੀ ਰੋੜਾ ਨਹੀਂ ਬਣਦਾ।”

ਡਾ. ਜੌਹਲ 92 ਸਾਲ ਦੇ ਹੋ ਕੇ ਵੀ ਜੁਆਨਾਂ ਵਾਲੇ ਜੋਸ਼ ਨਾਲ ਭਰੇ ਹੋਏ ਹਨ। ਅਜੇ ਵੀ 18 ਅਦਾਰਿਆਂ ਤੇ ਸਭਾਵਾਂ ਦੇ ਚੇਅਰਮੈਨ ਹਨ। ਸ਼ੁਭ ਸ਼ਗਨ ਹੈ ਕਿ ਉਹ ਲੋਕ ਅਧਿਕਾਰ ਲਹਿਰ ਦੀ ਅਗਵਾਈ ਕਰਨ ਲੱਗੇ ਹਨ। ਇਹ ਜਰਨੈਲ ਸ਼ਾਮ ਸਿੰਘ ਅਟਾਰੀ ਵਾਲੇ ਵਰਗਾ ਕਰਮ ਹੈ। ਲੋਕਾਂ ਨੂੰ ਭਰਵਾਂ ਸਾਥ ਦੇਣਾ ਚਾਹੀਦੈ। ਦੁਆ ਕਰਦੇ ਹਾਂ ਉਹ ਨਰੋਈ ਸਿਹਤ ਨਾਲ ਸੈਂਚਰੀ ਮਾਰਨ, ਲੰਮੀ ਉਮਰ ਜਿਊਣ, ਵਿਦਵਤਾ ਦਾ ਚਾਨਣ ਵੰਡਦੇ ਰਹਿਣ ਤੇ ਪੰਜਾਬ ਨੂੰ ਪੈਰਾਂ ਸਿਰ ਕਰਨ ਵਿਚ ਸਹਾਈ ਹੋਣ। ਵੇਖਦੇ ਹਾਂ ਉਨ੍ਹਾਂ ਦੀ ਹਾਕ ਕਿੰਨੇ ਕੁ ਪੰਜਾਬੀਆਂ ਨੂੰ ਸੁਣਦੀ ਤੇ ਲੋਕ ਅਧਿਕਾਰ ਲਹਿਰ ਨਾਲ ਜੁੜਨ ਲਈ ਜਗਾਉਂਦੀ ਹੈ?

# ਮਿੰਨੀ ਕਹਾਣੀਆਂ

## ਲੋੜ

–ਗੁਰਦਿਆਲ ਦਲਾਲ

ਲੈਨਿਨ ਦੀ ਮੂਰਤੀ ਤੋੜਨ ਮਗਰੋਂ ਉਹ ਬਹੁਤ ਥੱਕ ਗਏ। ਨੇਤਾ ਨੇ ਸਭ ਨੂੰ ਸ਼ਰਾਬ ਪਿਆਈ ਤੇ ਬੋਲਿਆ, ‘ਹੁਣ ਤੁਸੀਂ ਦਫਤਰ ਵਿੱਚੋਂ ਪੇਮੈਂਟ ਲਓ ਤੇ ਘਰਾਂ ਨੂੰ ਜਾਉ।'

ਇਕ ਸ਼ਰਾਬੀ ਅੜ ਗਿਆ। ਕਹਿੰਦਾ, ‘ਸਵਾਦ ਨਹੀਂ ਆਇਆ, ਮੂਰਤੀ ਤੋੜ ਕੇ। ਲਹੂ ਤਾਂ ਨਿਕਲਿਆ ਹੀ ਨਹੀਂ।'

ਨੇਤਾ ਬੋਲਿਆ, ‘ਵਾਹ! ਤੇਰੇ ਵਰਗਿਆਂ ਦੀ ਤਾਂ ਸਖਤ ਲੋੜ ਏ। ਤੂੰ ਮੇਰੇ ਨਾਲ ਹੀ ਆ ਜਾ।'

## ਫਿਕਰ

–ਤਰਸੇਮ ਲੰਡੇ

‘ਪਿੰਦੇ ਦੇ ਬਾਪੂ, ਜੇ ਜੁਆਕ ਸ਼ਹਿਰ ਗਿਆ ਥੋੜ੍ਹਾ ਲੇਟ ਹੋ ਗਿਆ ਤਾਂ ਫੇਰ ਕੀ ਹੈ, ਕਿਤੇ ਕਿਸੇ ਲਿਹਾਜੀ ਭਿਹਾਜੀ ਕੋਲ ਰੁਕ ਗਿਆ ਹੋਣੈ। ਨਾਲੇ ਇਹ ਕਿਹੜਾ ਕੋਈ ਕੁੜੀ ਐ ਜੋ ਐਵੀਂ ਸੰਸਾ ਕਰਦੇ ਹੋ।' ਬਚਨੋ ਨੇ ਧਰਵਾਸ ਦਿੰਦਿਆਂ ਆਪਣੇ ਪਤੀ ਨੂੰ ਕਿਹਾ।

‘ਭਾਗਵਾਨੇ ਗੱਲ ਉਹ ਨਹੀਂ। ਦਰਅਸਲ ਗੱਲ ਇਹ ਹੈ ਕਿ ਬੇਰੁਜ਼ਗਾਰੀ ਦਾ ਭੰਨਿਆ ਕਿਤੇ ਨਸ਼ੇ ਦੇ ਚੁੰਗਲ 'ਚ ਹੀ ਨਾ ਫਸ ਜਾਏ। ਨਸ਼ੇ ਦੀ ਲਤ ਬੇਰੁਜ਼ਗਾਰੀ ਤੋਂ ਵੀ ਭਿਆਨਕ ਹੁੰਦੀ ਐ। ਕੁੜੀ ਹੁੰਦੀ ਤਾਂ ਇਹ ਫਿਰਕ ਨਾ ਰਹਿੰਦਾ..।'

ਸ਼ਾਇਦ ਇਹ ਗੱਲ ਤਾਂ ਬਚਨੋ ਨੇ ਸੋਚੀ ਵੀ ਨਹੀਂ ਸੀ।



# ਖ਼ਬਰਾਂ ਪੰਜਾਬ ਦੀਆਂ

## ਚੌਟਾਲਿਆਂ ਨਾਲ ਅਕਾਲੀਆਂ ਦੇ ਗਠਜੋੜ ਦੀ ਝਾਕ ਵਿੱਚ ਬਾਦਲ ਨੇ ਵਿਚੋਲਗੀ ਛੋਹੀ

ਲੁਧਿਆਣਾ, 9 ਸਤੰਬਰ (ਪੋਸਟ ਬਿਊਰੋ)- ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਪਿਛਲੇ ਦਿਨਾਂ ਤੋਂ ਚੌਟਾਲਾ ਪਰਵਾਰ ਦੇ ਪੁੱਤਰ ਪੋਤਿਆਂ ਵਿੱਚ ਮਚੇ ਰਾਜਸੀ ਘਮਸਾਨ ਪਾਟੋ ਧਾੜ ਨੂੰ ਖਤਮ ਕਰ ਕੇ ਏਕਾ ਕਰਾਉਣ ਦੇ ਸ਼ੁਰੂ ਕੀਤੇ ਕੰਮ ਭਾਵੇਂ ਇਹੋ ਦੱਸ ਰਹੇ ਹਨ ਕਿ ਵੱਡੇ ਬਾਦਲ ਕਿਉਂਕਿ ਚੌਟਾਲਾ ਪਰਵਾਰ ਦੇ ਮੋਢੀ ਚੌਧਰੀ ਦੇਵੀ ਲਾਲ ਦੇ ਸਾਥੀ ਹਨ ਅਤੇ ਚੌਟਾਲਾ ਪਰਵਾਰ ਉਨ੍ਹਾਂ ਦੀ ਹਰ ਗੱਲ ਮੰਨ ਸਕਦਾ ਹੈ, ਪਰ ਇਸ ਵਿਚੋਲਗੀ 'ਤੇ ਰਾਜਸੀ ਮਾਹਰਾਂ ਦਾ ਹੋਰ ਤਰਕ ਹੈ। ਉਨ੍ਹਾਂ ਦੀ ਰਾਏ ਹੈ ਕਿ ਅਕਾਲੀ ਦਲ ਪਿਛਲੇ ਲੰਮੇ ਸਮੇਂ ਤੋਂ ਹਰਿਆਣਾ ਵਿਧਾਨ ਸਭਾ ਦੀਆਂ ਚੋਣ ਲੜਨ ਦੇ ਯਤਨ ਕਰ ਰਿਹਾ ਸੀ ਅਤੇ



ਆਪਣੀ ਭਾਈਵਾਲ ਪਾਰਟੀ ਭਾਜਪਾ ਤੋਂ 15 ਤੋਂ ਵੱਧ ਸੀਟਾਂ ਮੰਗ ਰਿਹਾ ਸੀ, ਪਰ ਭਾਜਪਾ ਹਰਿਆਣੇ ਵਿੱਚ ਆਪਣੇ ਸਿਰ ਇੰਨੀ ਆਸਵੰਦ ਹੈ ਕਿ ਅਕਾਲੀ ਦਲ ਨੂੰ ਸਿਰਫ ਦੋ ਸੀਟਾਂ ਛੱਡਣ ਲਈ ਹੀ ਤਿਆਰ ਹੈ।

ਪਤਾ ਲੱਗਾ ਹੈ ਕਿ ਅਕਾਲੀ ਦਲ ਇਸ ਨੂੰ ਮਨਜ਼ੂਰ ਕਰਨ ਵਿੱਚ ਬੇਇੱਜ਼ਤੀ ਮਹਿਸੂਸ ਕਰਦਾ ਹੈ, ਕਿਉਂਕਿ ਉਸ ਨੇ ਵੱਡੀ ਕਸਰਤ ਦੇ ਬਾਅਦ ਵੱਡਾ ਦਾਅਵਾ ਠੋਕਿਆ ਹੈ। ਭਾਜਪਾ ਇਸ ਰੁੱਖ ਨੂੰ ਦੇਖ ਕੇ ਅਕਾਲੀ ਦਲ ਨੇ ਰਾਜਸੀ ਪੈਂਤੜਾ ਬਦਲ ਕੇ ਚੌਟਾਲਾ ਪਰਵਾਰ ਨਾਲ ਰਲ ਕੇ ਚੋਣ ਲੜਨ ਦੀ ਵਿਉਂਤ ਸ਼ੁਰੂ ਕਰ ਲਈ ਹੈ। ਰਾਜਸੀ ਮਾਹਰਾਂ ਦੇ ਮੁਤਾਬਕ ਇਸੇ ਹਫਤੇ ਹਰਿਆਣਾ ਦੀ ਤਸਵੀਰ ਸਾਫ ਹੋ ਜਾਵੇਗੀ। ਜੇ ਭਾਜਪਾ ਨੇ ਅਕਾਲੀਆਂ ਨੂੰ ਦਰਜਨ ਦੇ ਨੇੜੇ ਟਿਕਟਾਂ ਦੇ ਦਿੱਤੀਆਂ ਤਾਂ ਸੁਖਬੀਰ ਸਿੰਘ ਬਾਦਲ ਆਪਣੀ ਗੱਲ ਬਣਾਉਣ ਵਿੱਚ ਸਫਲ ਹੋਣਗੇ, ਨਹੀਂ ਤਾਂ ਫਿਰ ਭਾਜਪਾ ਵਾਲੇ ਆਪਣੇ ਰਾਜਸੀ ਹੱਥ ਦਿਖਾ ਦੇਣਗੇ ਅਤੇ ਅਕਾਲੀ ਦਲ ਸਿਰਫ ਚੌਟਾਲਿਆਂ ਦੀ ਵਿਚੋਲਗੀ ਦੇ ਆਸਰੇ ਰਹਿ ਜਾਵੇਗਾ।

## ਬਟਾਲਾ ਫੈਕਟਰੀ ਕਾਂਡ:

## ਵਿਦੇਸ਼ ਜਾਣ ਲਈ ਵੀਜ਼ਾ ਅਪਲਾਈ ਕੀਤਾ ਹੋਇਆ ਸੀ ਰੋਮੀ ਨੇ

ਬਟਾਲਾ, 9 ਸਤੰਬਰ (ਪੋਸਟ ਬਿਊਰੋ)- ਪਟਾਕਾ ਫੈਕਟਰੀ ਵਿੱਚ ਧਮਾਕਾ ਕੇਸ ਵਿੱਚ ਨਾਮਜ਼ਦ ਇਸ ਫੈਕਟਰੀ ਦੇ ਮਾਲਕ ਜਸਪਾਲ ਸਿੰਘ ਦੇ ਭਤੀਜੇ ਅਤੇ ਇਸ ਕੇਸ ਦੇ ਦੋਸ਼ੀ ਰਮਨਦੀਪ ਸਿੰਘ ਰੋਮੀ ਤੱਕ ਪੁਲਸ ਨਹੀਂ ਪਹੁੰਚ ਸਕੀ। ਪਤਾ ਲੱਗਾ ਹੈ ਕਿ ਰੋਮੀ ਅੰਮ੍ਰਿਤਸਰ ਵਿੱਚ ਵੀ ਉਨ੍ਹਾਂ ਨੂੰ ਨਹੀਂ ਮਿਲਿਆ। ਕੁਝ ਹੋਰ ਥਾਂਈਂ ਵੀ ਪੁਲਸ ਟੀਮ ਗਈ ਹੈ। ਇਹ ਵੀ ਗੱਲ ਪਤਾ ਲੱਗੀ ਹੈ ਕਿ ਰੋਮੀ ਵਿਦੇਸ਼ ਜਾਣ ਦਾ ਚਾਹਵਾਨ ਸੀ। ਉਸ ਦਾ ਇੱਕ ਸਾਲ ਪਹਿਲਾਂ ਵਿਆਹ ਹੋਇਆ ਸੀ ਅਤੇ ਉਸ ਨੇ ਕੁਝ ਮਹੀਨੇ ਪਹਿਲਾਂ ਆਪਣੇ ਦਸਤਾਵੇਜ਼ ਜਮ੍ਹਾ ਕਰਵਾ ਕੇ ਵੀਜ਼ੇ ਲਈ ਅਪਲਾਈ ਕੀਤਾ ਸੀ। ਉਸ ਨੇ ਕਿਸ ਦੇਸ਼ ਦੇ ਵੀਜ਼ੇ ਲਈ ਅਪਲਾਈ ਕੀਤਾ ਸੀ, ਇਹ ਸਾਫ ਨਹੀਂ ਹੋ ਸਕਿਆ। ਧਮਾਕੇ ਦੇ ਸਮੇਂ ਉਹ ਫੈਕਟਰੀ ਦੇ ਬਾਹਰ ਸੀ ਅਤੇ ਉਸ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ ਸਨ।



ਉਸ ਦੇ ਖਿਲਾਫ ਕੇਸ ਦਰਜ ਹੁੰਦੇ ਸਾਰ ਉਹ ਹਸਪਤਾਲ ਤੋਂ ਦੌੜ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਰੋਮੀ ਦੀ ਪਤਨੀ ਦਾ ਵੀ ਕੋਈ ਸੁਰਾਗ ਨਹੀਂ ਮਿਲਦਾ। ਪੁਲਸ ਦਾ ਦਾਅਵਾ ਹੈ ਕਿ ਉਹ ਵਿਦੇਸ਼ ਨਹੀਂ ਭੱਜ ਸਕਦਾ, ਉਸ ਤੋਂ ਪਹਿਲਾਂ ਗ੍ਰਿਫਤਾਰ ਕਰ ਲਿਆ ਜਾਏਗਾ। ਪੁਲਸ ਨੇ ਕੱਲ੍ਹ ਬਟਾਲਾ, ਗੁਰਦਾ-ਸਪੁਰ ਅਤੇ ਅੰਮ੍ਰਿਤਸਰ ਵਿੱਚ ਉਸ ਦੇ ਜਾਣਕਾਰਾਂ ਦੇ ਘਰ ਛਾਪੇ ਮਾਰੇ ਤੇ ਉਸ ਦੇ ਮੋਬਾਈਲ ਦੀ ਲੋਕੇਸ਼ਨ ਟਰੇਸ ਕਰ ਰਹੀ ਹੈ। ਆਸ ਹੈ ਕਿ ਜਲਦੀ ਹੀ ਉਹ ਉਥੇ ਤੱਕ ਪਹੁੰਚ ਜਾਏਗੀ, ਪਰ ਹਾਲੇ ਤੱਕ ਛਾਪੇਮਾਰੀ ਦੌਰਾਨ ਕੁਝ ਹੱਥ ਨਹੀਂ ਲੱਗਾ।

ਐੱਸ ਐੱਸ ਪੀ ਬਟਾਲਾ ਉਪਿੰਦਰਜੀਤ ਸਿੰਘ ਘੁੰਮਣ ਦਾ ਕਹਿਣਾ ਹੈ ਕਿ ਦੋਸ਼ੀ ਕਿਤੇ ਨਹੀਂ ਭੱਜ ਸਕਦਾ। ਪੰਜਾਬ ਭਰ ਵਿੱਚ ਪੁਲਸ ਨੂੰ ਉਸ ਦੇ ਬਾਰੇ ਅਲਰਟ ਕਰ ਦਿੱਤਾ ਹੈ। ਕਿਤੇ ਵੀ ਲੁਕਿਆ ਹੋਵੇਗਾ ਤਾਂ ਜਲਦ ਕਾਬੂ ਕਰ ਲੈਣਗੇ।

## ਏ ਟੀ ਐੱਮ ਦਾ ਡਾਟਾ ਕੱਢ ਕੇ ਠੱਗੀ ਕਰਦੇ ਗੈਂਗ ਦਾ ਪਰਦਾ ਫਾਸ਼

ਬਠਿੰਡਾ, 9 ਸਤੰਬਰ (ਪੋਸਟ ਬਿਊਰੋ)- ਕਿਸੇ ਤਰ੍ਹਾਂ ਦੀ ਖਰੀਦਦਾਰੀ ਜਾਂ ਪੈਟਰੋਲ ਪੰਪ 'ਤੇ ਪੈਟਰੋਲ ਪਵਾਉਣ ਦੇ ਬਾਅਦ ਕਾਰਡ ਨਾਲ ਪੇਮੈਂਟ ਕਰਦੇ ਸਮੇਂ ਚੌਕੰਨੇ ਰਹਿਣ ਦੀ ਲੋੜ ਹੈ। ਠੱਗੀ ਕਰਨ ਵਾਲੇ ਸਵੈਪ ਮਸ਼ੀਨ ਤੋਂ ਕਾਰਡ ਦਾ ਡਾਟਾ ਚੋਰੀ ਕਰਨ ਲਈ ਖਾਸ ਡਿਵਾਈਸ ਫਿਟ ਕਰ ਦਿੰਦੇ ਹਨ ਤੇ ਲੋਕਾਂ ਦਾ ਕਾਰਡ ਸਵੈਪ ਹੁੰਦੇ ਹੀ ਡਾਟਾ ਚੋਰੀ ਹੋ ਜਾਂਦਾ ਹੈ, ਜਿਸ ਨੂੰ ਅੱਗੇ ਵੇਚ ਕੇ ਠੱਗੀ ਕੀਤੀ ਜਾਂਦੀ ਹੈ। ਬਠਿੰਡਾ ਪੁਲਸ ਨੇ ਏਦਾਂ ਠੱਗੀ ਕਰਨ ਵਾਲੇ ਚੰਡੀਗੜ੍ਹ ਤੇ ਸਿਰਸਾ ਦੇ ਪੰਜ ਜਣਿਆਂ 'ਤੇ ਕੇਸ ਦਰਜ ਕਰ ਕੇ ਇੱਕ ਦੋਸ਼ੀ ਨੂੰ ਫੜ ਲਿਆ ਹੈ।

ਸਿਵਲ ਹਸਪਤਾਲ ਚੌਕੀ ਦੇ ਇੰਚਾਰਜ ਅਤੇ ਏ ਐੱਸ ਆਈ ਰਾਜਪਾਲ ਸਿੰਘ ਦੇ ਮੁਤਾਬਕ ਸਾਈਬਰ ਫਰਾਡ ਠੱਗਾਂ ਦੇ ਗੈਂਗ ਦੇ ਮੈਂਬਰ ਖੁਸ਼ਦੀਪ ਗੋਇਲ ਦੇ ਬਠਿੰਡਾ ਦੇ ਬਾਬਾ ਫਰੀਦ ਨਗਰ ਅਤੇ ਗੁਰੂ ਨਗਰੀ ਵਿੱਚ ਘੁੰਮਣ ਦਾ ਪਤਾ ਲੱਗਾ ਸੀ। ਸੂਚਨਾ ਇਹ ਸੀ ਕਿ ਦੋਸ਼ੀ ਖੁਸ਼ਦੀਪ ਗੋਇਲ, ਉਸ ਦੀ ਭੈਣ ਪ੍ਰੀਆ ਗੋਇਲ, ਮੋਨੂੰ ਸ਼ਰਮਾ, ਅਨੂ ਸ਼ਰਮਾ ਵਾਸੀ ਮੋਹਾਲੀ ਅਤੇ ਕੁਝ ਹੋਰ ਲੋਕਾਂ ਨੇ ਮਿਲ ਕੇ ਗੈਂਗ ਬਣਾਇਆ ਹੈ, ਜੋ ਲੋਕਾਂ ਦੇ ਏ ਟੀ ਐਮ ਕਾਰਡ ਦਾ ਡਾਟਾ ਚੋਰੀ ਕਰ ਕੇ ਉਸ ਦੇ ਨਾਲ ਉਨ੍ਹਾਂ ਦੇ ਬੈਂਕ ਖਾਤੇ ਵਿੱਚੋਂ ਪੈਸੇ ਕਢਵਾ ਲੈਂਦੇ ਹਨ। ਏ ਐਸ ਆਈ ਰਾਜਪਾਲ ਸਿੰਘ ਨੇ ਦੱਸਿਆ ਕਿ ਇਸ ਗੈਂਗ ਨੇ ਮੋਹਾਲੀ, ਯੂ ਪੀ, ਬਠਿੰਡਾ, ਸ਼ਿਮਲਾ, ਬਰੇਲੀ, ਗੁੜਗਾਓਂ, ਸਿਰਸਾ, ਜਲੰਧਰ, ਸੋਲਨ ਵਿੱਚ ਕਈ ਠੱਗੀਆਂ ਕੀਤੀਆਂ ਹਨ। ਦੋਸ਼ੀਆਂ ਦੀ ਗ੍ਰਿਫਤਾਰੀ ਲਈ ਪੁਲਸ ਛਾਪੇਮਾਰੀ ਕਰ ਰਹੀ ਹੈ। ਪਤਾ ਲੱਗਾ ਹੈ ਕਿ ਇਹ ਲੋਕ ਡਿਵਾਈਸ ਮਸ਼ੀਨ ਤੋਂ ਸਾਰੇ ਏ ਟੀ ਐਮ ਕਾਰਡ ਦਾ ਡਾਟਾ ਆਪਣੀ ਐੱਮ ਐੱਸ ਆਰ ਮਸ਼ੀਨ ਦੇ ਨਾਲ ਲੈਪਟਾਪ ਵਿੱਚ ਡਾਊਨਲੋਡ ਕਰ ਲੈਂਦੇ ਅਤੇ ਫਿਰ ਉਹ ਵੱਖ ਵੱਖ ਬੈਂਕਾਂ ਦੇ ਪੁਰਾਣੇ ਜਾਂ ਖਾਲੀ ਏ ਟੀ ਐੱਮ ਕਾਰਡ ਇਕੱਠੇ ਕਰਨ ਪਿੱਛੋਂ ਐੱਮ ਐੱਸ ਆਰ ਮਸ਼ੀਨ ਦੇ ਰਾਹੀਂ ਉਨ੍ਹਾਂ ਦਾ ਪੁਰਾਣਾ ਡਾਟਾ ਕਲੀਅਰ ਕਰ ਕੇ ਨਵਾਂ ਏ ਟੀ ਐੱਮ ਕਾਰਡ ਬਣਾ ਲੈਂਦੇ ਸਨ।

## ਸਫਾਈ ਸੇਵਕਾਂ ਦਾ ਈ ਪੀ ਐੱਫ ਰਿਕਾਰਡ ਨਾ ਦੇਣ ਵਾਲੀਆਂ ਦੋ ਕੰਪਨੀਆਂ ਉੱਤੇ ਕੇਸ ਦਰਜ

ਪਟਿਆਲਾ, 9 ਸਤੰਬਰ (ਪੋਸਟ ਬਿਊਰੋ)- ਨਗਰ ਨਿਗਮ ਦੇ ਸਫਾਈ ਸੇਵਕਾਂ ਦੀ ਤਨਖਾਹ, ਈ ਪੀ ਐੱਫ ਅਤੇ ਈ ਐੱਸ ਆਈ ਬਾਰੇ ਨਗਰ ਨਿਗਮ ਵਿੱਚ ਵੱਡਾ ਘੋਟਾਲਾ ਪਤਾ ਲੱਗਾ ਹੈ। ਇਸ ਦਾ ਖੁਲਾਸਾ ਦੋ ਦਿਨ ਪਹਿਲਾਂ ਸਿਵਲ ਲਾਈਨ ਥਾਣਾ ਵਿੱਚ ਠੇਕੇਦਾਰ ਪਰਵੀਨ ਕੁਮਾਰ ਵੱਲੋਂ ਦਰਜ ਕਰਵਾਏ ਕੇਸ ਦੇ ਬਾਅਦ ਹੋਇਆ। ਇਨ੍ਹਾਂ ਕੰਪਨੀਆਂ ਨੇ ਸਫਾਈ ਸੇਵਕਾਂ ਦੇ ਈ ਪੀ ਐੱਫ ਦਾ ਰਿਕਾਰਡ ਨਿਗਮ ਦਫਤਰ ਵਿੱਚ ਜਮ੍ਹਾ ਨਹੀਂ ਕਰਵਾਇਆ।

ਥਾਣਾ ਸਿਵਲ ਲਾਈਨ ਪੁਲਸ ਨੇ ਸ਼ਨੀਵਾਰ ਰਾਤ ਦੋ ਨਵੇਂ ਕੇਸ ਦਰਜ ਕੀਤੇ ਹਨ। ਇੱਕ ਕੇਸ ਜਾਇੰਟ ਕਮਿਸ਼ਨਰ ਹਰਕੀਰਤ ਕੌਰ ਦੀ ਸ਼ਿਕਾਇਤ 'ਤੇ ਮੈਸਰਜ਼ ਆਸਪੈਕਟ ਸਲਿਊਸ਼ਨ ਪ੍ਰਾਈਵੇਟ ਲਿਮਟਿਡ ਦੇ ਖਿਲਾਫ ਦਰਜ ਹੋਇਆ ਹੈ, ਜਿਸ ਵਿੱਚ ਇਹ ਦੋਸ਼ ਹੈ ਕਿ ਇਸ ਕੰਪਨੀ ਨੇ ਨਿਗਮ ਦੇ ਵੱਖ-ਵੱਖ ਕੈਟੇਗਰੀ ਦੇ ਮੁਲਾਜ਼ਮ ਦਿੱਤੇ ਸਨ, ਉਸ ਕੋਲ



ਅਪ੍ਰੈਲ 2015 ਤੋਂ ਲੈ ਕੇ 2018 ਤੱਕ ਦਾ ਐਗਰੀਮੈਂਟ ਸੀ ਅਤੇ ਇਸ ਦੌਰਾਨ ਈ ਪੀ ਐਫ ਦੀ ਰਕਮ ਇੱਕ ਕਰੋੜ 52 ਲੱਖ 19 ਹਜ਼ਾਰ ਰੁਪਏ ਦੇ ਕਰੀਬ ਜਮ੍ਹਾ ਕਰਾਉਣੀ ਸੀ, ਪਰ ਕੰਪਨੀ ਨੇ ਕਰੀਬ ਇੱਕ ਕਰੋੜ 17 ਲੱਖ 86 ਹਜ਼ਾਰ ਰੁਪਏ ਕਰਾਈ ਸੀ। ਨਿਗਮ ਵੱਲੋਂ ਕਹਿਣ ਉੱਤੇ ਦੋਸ਼ੀ ਨੇ 94 ਲੱਖ ਰੁਪਏ ਜਮ੍ਹਾ ਕਰਵਾ ਦਿੱਤੇ ਤੇ ਬਾਕੀ ਰਕਮ ਖੁਰਦ ਬੁਰਦ ਕਰ ਦਿੱਤੀ। ਇਸੇ ਕਾਰਨ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ ਹੈ। ਦੂਸਰਾ ਕੇਸ ਜਾਇੰਟ ਕਮਿਸ਼ਨਰ ਦੀ ਸ਼ਿਕਾਇਤ ਉੱਤੇ ਰਵੀ ਭਾਟੀਆ, ਦਿਨੇਸ਼ ਕੁਮਾਰ, ਐੱਸ ਕੇ ਸਿਨਹਾ, ਸੌਰਵ ਸ੍ਰੀਵਾਸਤਵ (ਬੈਂਕ ਮੁਲਾਜ਼ਮ) ਅਤੇ ਮੈਸਰਜ਼ ਸਕਿਓਰ ਗਾਰਡ ਮੈਨ ਪਾਵਰ ਸਰਵਿਸ ਲਿਮਟਿਡ ਦੇ ਅਧਿਕਾਰੀ 'ਤੇ ਦਰਜ ਹੋਇਆ ਹੈ। ਦੋਸ਼ ਹੈ ਕਿ ਇਨ੍ਹਾਂ ਲੋਕਾਂ ਨੂੰ ਨਿਗਮ ਦੇ ਸਫਾਈ ਸੇਵਕਾਂ ਦੇ ਈ ਪੀ ਐੱਫ ਰਿਕਾਰਡ ਪੇਸ਼ ਕਰਨ ਨੂੰ ਕਿਹਾ ਸੀ, ਪਰ ਇਸ ਕੰਪਨੀ ਨੇ ਈ ਪੀ ਐੱਫ ਰਿਕਾਰਡ ਪੇਸ਼ ਨਹੀਂ ਕੀਤਾ ਤੇ ਸਫਾਈ ਸੇਵਕਾਂ ਦਾ ਫੰਡ ਹੜੱਪ ਲਿਆ ਹੈ। ਸਕਿਓਰ ਗਾਰਡ ਕੰਪਨੀ ਦੇ ਮੈਨੇਜਰ ਪਰਵੀਨ ਨੇ ਕਿਹਾ ਕਿ ਇਹ ਸ਼ਿਕਾਇਤ ਪਹਿਲਾਂ ਥਾਣਾ ਸਿਵਲ ਲਾਈਨ ਵਿੱਚ ਦਰਜ ਹੋ ਚੁੱਕੀ ਹੈ। ਅਕਤੂਬਰ ਤੋਂ ਦਸੰਬਰ 2018 ਇਨ੍ਹਾਂ ਤਿੰਨ ਮਹੀਨਿਆਂ ਦੇ ਰਿਕਾਰਡ ਦੀ ਗੜਬੜ ਹੈ, ਜਿਸ ਦੇ ਖਿਲਾਫ ਕੇਸ ਦਰਜ ਹੋਇਆ ਸੀ। ਨਿਗਮ ਵੱਲੋਂ ਦਰਜ ਕਰਾਏ ਨਵੇਂ ਕੇਸ ਵਿੱਚ ਕੰਪਨੀਆਂ ਦਾ ਨਾਂਅ ਦੋਸ਼ੀਆਂ ਵਿੱਚ ਸ਼ਾਮਲ ਕੀਤਾ ਹੈ ਅਤੇ ਇਹ ਸਰਾਸਰ ਗਲਤ ਹੈ।

## ਜਾਗੋ ਕੱਢਣ ਵੇਲੇ ਚੱਲੀਆਂ ਗੋਲੀਆਂ ਵਿੱਚ ਇੱਕ ਦੀ ਮੌਤ

ਕੋਟਕਪੂਰਾ, 9 ਸਤੰਬਰ (ਪੋਸਟ ਬਿਊਰੋ)- ਪੁਰਾਣਾ ਸ਼ਹਿਰ ਇਲਾਕੇ ਦੀਆਂ ਜੋੜੀਆਂ ਚੱਕੀਆਂ ਨੇੜੇ ਸ਼ਨੀਵਾਰ ਰਾਤ ਇੱਕ ਵਿਆਹ ਦੀ ਜਾਗੋ ਪਾਰਟੀ ਦੌਰਾਨ ਗੋਲੀਆਂ ਚੱਲਣ ਨਾਲ ਇੱਕ 16 ਸਾਲਾ ਲੜਕੇ ਦੀ ਮੌਤ ਹੋ ਗਈ ਅਤੇ ਤਿੰਨ ਜ਼ਖਮੀ ਹੋ ਗਏ। ਮ੍ਰਿਤਕ ਦੀ ਪਛਾਣ ਜੋੜੀਆਂ ਚੱਕੀਆਂ ਦੇ ਲਵਪ੍ਰੀਤ ਸਿੰਘ ਪੁੱਤਰ ਅਜੈਪਾਲ ਦੇ ਵਜੋਂ ਹੋਈ ਹੈ। ਇਸ ਘਟਨਾ ਵਿੱਚ ਜ਼ਖਮੀ ਮੁਹੱਲਾ ਪਟਵਾਰੀਆਂ ਵਾਸੀ ਅੰਕੁਸ਼ ਕੁਮਾਰ ਉਰਫ ਆਸ਼ੂ ਪੁੱਤਰ ਹਰਨਾਮ ਸਿੰਘ ਦੀ ਹਾਲਤ ਗੰਭੀਰ ਬਣੀ ਹੋਈ ਹੈ, ਜਿਸ ਨੂੰ ਲੁਧਿਆਣਾ ਦੇ ਨਿੱਜੀ ਹਸਪਤਾਲ ਰੈਫਰ ਕੀਤਾ ਗਿਆ। ਇਸ ਤੋਂ ਇਲਾਵਾ ਦੂਜੇ ਗੁੱਟ ਦੇ ਦੋ ਜ਼ਖਮੀ ਮੋਗੇ ਦੇ ਪਿੰਡ ਮਾਹਲਾਕਲਾਂ ਵਾਸੀ ਰਣਜੋਧ ਸਿੰਘ ਅਤੇ ਸਾਦਿਕ ਦੇ ਪਿੰਡ ਬੁੱਟਰ ਵਾਸੀ ਗੁਰਲਾਲ ਸਿੰਘ ਨੂੰ ਫਰੀਦਕੋਟ ਦੇ ਗੁਰੂ ਗੋਬਿੰਦ ਸਿੰਘ ਮੈਡੀਕਲ ਕਾਲਜ ਅਤੇ ਹਸਪਤਾਲ ਦਾਖਲ ਕਰਾਇਆ ਗਿਆ।

ਪਤਾ ਲੱਗਾ ਹੈ ਕਿ ਇਸ ਘਟਨਾਕ੍ਰਮ ਦੌਰਾਨ ਦੋਵਾਂ ਗੁੱਟਾਂ ਨੇ ਫਾਇਰ ਕੀਤੇ ਸਨ। ਇਸ ਬਾਰੇ ਥਾਣਾ ਸਿਟੀ ਪੁਲਸ ਨੇ ਮ੍ਰਿਤਕ ਦੇ ਦਾਦੇ ਵਿਨੋਦ ਕੁਮਾਰ ਦੇ ਬਿਆਨਾਂ ਉਤੇ ਸਥਾਨਕ ਮੁਹੱਲਾ ਛੱਜਘੜਾ ਦੇ ਪ੍ਰਿੰਸ ਕੁਾਰ ਉਰਫ ਟੂਟੀ, ਰਣਜੋਧ ਸਿੰਘ ਮਾਹਲਾ ਕਲਾਂ, ਗੁਰਲਾਲ ਸਿੰਘ ਬੁੱਟਰ ਤੇ ਫਰੀਦਕੋਟ ਜੇਲ੍ਹ ਵਿੱਚ ਬੰਦ ਗੈਂਗਸਟਰ ਭੋਲਾ ਸ਼ੂਟਰ ਖਿਲਾਫ ਹੱਤਿਆ, ਇਰਾਦਾ ਕਤਲ ਅਤੇ ਅਸਲਾ ਐਕਟ ਤਹਿਤ ਮਾਮਲਾ ਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਗਿੱਪੀ ਨੂੰ ਫਿਰੌਤੀ ਦੀ ਧਮਕੀ ਦੇਣ ਬਦਲੇ ਦਿਲਪ੍ਰੀਤ ਬਾਬਾ ਖਿਲਾਫ ਦੋਸ਼ ਤੈਅ

ਐਸ ਏ ਐਸ ਨਗਰ, 9 ਸਤੰਬਰ (ਪੋਸਟ ਬਿਊਰੋ)- ਪੰਜਾਬੀ ਗਾਇਕ ਤੇ ਫਿਲਮ ਅਦਾਕਾਰ ਬਣੇ ਗਿੱਪੀ ਗਰੇਵਾਲ ਨੂੰ ਫਿਰੌਤੀ ਲਈ ਧਮਕੀ ਦੇਣ ਦੇ ਕੇਸ 'ਚ ਅਦਾਲਤ ਵੱਲੋਂ ਗੈਂਗਸਟਰ ਦਿਲਪ੍ਰੀਤ ਸਿੰਘ ਬਾਬਾ ਦੇ ਖਿਲਾਫ ਦੋਸ਼ ਤੈਅ ਕਰ ਦਿੱਤੇ ਹਨ ਅਤੇ ਅਗਲੀ ਅਦਾਲਤੀ ਕਾਰਵਾਈ ਸ਼ੁਰੂ ਹੋ ਗਈ ਹੈ।

ਪਤਾ ਲੱਗਾ ਹੈ ਕਿ 18 ਸਤੰਬਰ ਨੂੰ ਇਸ ਕੇਸ 'ਚ ਪਹਿਲੀ ਗਵਾਹੀ ਹੋਣੀ ਹੈ ਅਤੇ ਹੋ ਸਕਦਾ ਹੈ ਕਿ ਗਾਇਕ ਗਿੱਪੀ ਗਰੇਵਾਲ ਦੀ 18 ਨੂੰ ਦਿਲਪ੍ਰੀਤ ਸਿੰਘ ਬਾਬਾ ਦੇ ਖਿਲਾਫ ਪਹਿਲੀ ਗਵਾਹੀ ਹੋਵੇ। ਇਸ ਕੇਸ ਵਿੱਚ ਪੁਲਸ ਵੱਲੋਂ ਨਾਮਜ਼ਦ ਕੀਤੇ ਗਏ ਅਰਸ਼ਦੀਪ ਸਿੰਘ ਅਤੇ ਰੇਨੂੰ ਦੇ ਖਿਲਾਫ ਹਾਲੇ ਪੁਲਸ ਵੱਲੋਂ ਸਪਲੀਮੈਂਟਰੀ ਚਾਲਾਨ ਅਦਾਲਤ 'ਚ ਪੇਸ਼ ਨਹੀਂ ਕੀਤਾ ਗਿਆ। ਮਿਲੀ ਜਾਣਕਾਰੀ ਅਨੁਸਾਰ ਅਰਸ਼ਦੀਪ ਸਿੰਘ ਪੰਜਾਬੀ ਗਾਇਕ ਗਿੱਪੀ ਗਰੇਵਾਲ ਦੀ ਸੋਸ਼ਲ ਮੀਡੀਆ 'ਤੇ ਪ੍ਰਮੋਸ਼ਨ ਦਾ ਕੰਮ ਵੀ ਦੇਖਦਾ ਰਿਹਾ ਹੈ ਤੇ ਓਸੇ ਨੇ ਗੈਂਗਸਟਰਾਂ ਨੂੰ ਗਿੱਪੀ ਗਰੇਵਾਲ ਦੇ ਫੋਨ ਨੰਬਰ ਹਾਸਲ ਕਰਵਾਏ ਸਨ। ਏਨਾ ਹੀ ਨਹੀਂ ਅਰਸ਼ਦੀਪ ਸਿੰਘ ਅਕਸਰ ਗੈਂਗਸਟਰਾਂ ਨਾਲ ਵਟਸਐਪ ਰਾਹੀਂ ਗੱਲਬਾਤ ਵੀ ਕਰਦਾ ਰਹਿੰਦਾ ਸੀ। ਰੇਨੂੰ ਉੱਤੇ ਦੋਸ਼ ਹੈ ਕਿ ਦਿਲਪ੍ਰੀਤ ਸਿੰਘ ਬਾਬਾ ਅਤੇ ਲੱਕੀ ਨੇ ਜਦੋਂ ਫਿਰੌਤੀ ਮੰਗਣ ਦੀ ਯੋਜਨਾ ਬਣਾਈ ਤਾਂ ਉਸ ਸਮੇਂ ਰੇਨੂੰ ਵੀ ਉਨ੍ਹਾਂ ਦੇ ਨਾਲ ਸੀ। ਰੇਨੂੰ ਉਤਰਾਖੰਡ ਦੀ ਰਹਿਣ ਵਾਲੀ ਹੈ ਤੇ ਉਸ ਦਾ ਲੱਕੀ ਨਾਲ ਪ੍ਰੇਮ ਵਿਆਹ ਹੋਇਆ ਸੀ।

## ਪੰਡਿਤ ਵੱਲੋਂ ਬੇਟੀ ਦੇ ਵਿਆਹ ਵਾਸਤੇ ਜੋੜੇ ਲੱਖਾਂ ਦੇ ਗਹਿਣੇ ਅਤੇ ਨਕਦੀ ਚੋਰੀ

ਸ਼ਾਹਕੋਟ, 9 ਸਤੰਬਰ (ਪੋਸਟ ਬਿਊਰੋ)- ਸ਼ਾਹਕੋਟ ਵਿਖੇ ਕੱਲ੍ਹ ਰਾਤ ਇਕ ਪੰਡਿਤ ਦੇ ਘਰ ਵਿੱਚੋਂ ਚੋਰਾਂ ਨੇ ਲੱਖਾਂ ਰੁਪਏ ਦੀ ਨਕਦੀ ਤੇ ਗਹਿਣੇ ਚੋਰੀ ਕਰ ਲਏ ਜਾਣ ਦੀ ਖਬਰ ਮਿਲੀ ਹੈ।

ਇਸ ਚੋਰੀ ਦੀ ਘਟਨਾ ਬਾਰੇ ਪੰਡਿਤ ਰਾਮ ਕਲਾ ਨੇ ਦੱਸਿਆ ਕਿ ਸ੍ਰੀ ਹਨੂੰਮਾਨ ਮੰਦਰ ਸ਼ਾਹਕੋਟ ਵਿਖੇ ਕੱਲ੍ਹ ਰਾਤ ਸ੍ਰੀ ਗਣੇਸ਼ ਮਹਾਂਉਤਸਵ ਦਾ ਸਮਾਗਮ ਚੱਲ ਰਿਹਾ ਸੀ। ਉਨ੍ਹਾਂ ਦੱਸਿਆ ਕਿ ਮੰਦਰ ਦੇ ਨਾਲ ਉਨ੍ਹਾਂ ਦਾ ਘਰ ਹੈ। ਸਮਾਗਮ ਤੋਂ ਬਾਅਦ ਜਦੋਂ ਉਨ੍ਹਾਂ ਦੀ ਪਤਨੀ ਸੰਤੋਸ਼ ਦੇਵੀ ਰਾਤ ਕਰੀਬ 12 ਵਜੇ ਕਮਰੇ ਵਿੱਚ ਗਈ ਤਾਂ ਦੇਖਿਆ ਕਿ ਅਲਮਾਰੀ ਵਿੱਚੋਂ ਸਾਰਾ ਸਾਮਾਨ ਖਿਲਰਿਆ ਪਿਆ ਸੀ



ਤੇ ਅਲਮਾਰੀ ਵਿਚਲਾ ਲਾਕਰ ਟੁੱਟਾ ਹੋਇਆ ਸੀ। ਉਸ ਨੇ ਇਸ ਬਾਰੇ ਮੈਨੂੰ ਦੱਸਿਆ ਤਾਂ ਅਸੀਂ ਆ ਕੇ ਦੇਖਿਆ ਤਾਂ ਅਲਮਾਰੀ ਵਿੱਚ ਪਈ ਇਕ ਲੱਖ 35 ਹਜ਼ਾਰ ਰੁਪਏ ਨਕਦੀ, ਇਕ ਸੋਨੇ ਦੀ ਚੇਨੀ, ਚਾਰ ਸੋਨੇ ਦੀਆਂ ਮੁੰਦਰੀਆਂ, ਇਕ ਵਾਲੀਆਂ ਦਾ ਸੈਟ ਚੋਰ ਲੈ ਗਏ ਸਨ। ਉਨ੍ਹਾਂ ਦੱਸਿਆ ਕਿ ਨਕਦੀ ਤੇ ਗਹਿਣਿਆਂ ਸਣੇ ਉਨ੍ਹਾਂ ਦਾ ਕਰੀਬ ਤਿੰਨ ਲੱਖ ਰੁਪਏ ਦਾ ਸਾਮਾਨ ਚੋਰੀ ਹੋਇਆ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਲੜਕੀ ਦਾ ਦਸੰਬਰ 'ਚ ਵਿਆਹ ਹੈ, ਜਿਸ ਲਈ ਸਾਮਾਨ ਤੇ ਗਹਿਣੇ ਆਦਿ ਲੈਣ ਲਈ ਪੈਸੇ ਰੱਖੇ ਸਨ। ਉਨ੍ਹਾਂ ਦੱਸਿਆ ਕਿ ਮੰਦਰ ਵਿੱਚ ਲੱਗੇ ਸੀ ਸੀ ਟੀ ਵੀ ਕੈਮਰਿਆਂ ਦੀ ਜਾਂਚ ਦੌਰਾਨ ਦੋ ਸ਼ੱਕੀ ਨੌਜਵਾਨ ਨਜ਼ਰ ਆਏ ਹਨ, ਜਿਨ੍ਹਾਂ 'ਚੋਂ ਇਕ ਨੌਜਵਾਨ ਉਨ੍ਹਾਂ ਦੇ ਘਰ 'ਚੋਂ ਕੋਈ ਥੈਲਾ ਲੈ ਕੇ ਗਲੀ ਵੱਲ ਜਾ ਰਿਹਾ ਹੈ। ਜਾਂਚ ਦੌਰਾਨ ਪੁਲਸ ਨੇ ਸੀ ਸੀ ਟੀ ਵੀ ਕੈਮਰਿਆਂ ਦੀ ਫੁਟੇਜ ਆਸਰੇ ਇਕ ਨੌਜਵਾਨ ਨੂੰ ਫੜਿਆ ਹੈ, ਪਰ ਅਜੇ ਇਸ ਬਾਰੇ ਜਾਂਚ ਕੀਤੀ ਜਾ ਰਹੀ ਹੈ ਤੇ ਕਿਸੇ ਵੀ ਤਰ੍ਹਾਂ ਦੀ ਪੁਸ਼ਟੀ ਨਹੀਂ ਕੀਤੀ ਗਈ।

## ਵਾਹਗਾ ਬਾਰਡਰ ਵਿਖੇ ਹੁੰਦੀ ਰਿਟਰੀਟ ਸੈਰੇਮਨੀ ਦੇ ਟਿਕਟ ਬਹਾਨੇ ਆਨਲਾਈਨ ਠੱਗੀ

ਅੰਮ੍ਰਿਤਸਰ, 9 ਸਤੰਬਰ (ਪੋਸਟ ਬਿਊਰੋ)- ਭਾਰਤ-ਪਾਕਿ ਵਿਚਾਲੇ ਅਟਾਰੀ-ਵਾਹਗਾ ਬਾਰਡਰ ਉੱਤੇ ਹਰ ਰੋਜ਼ ਹੋ ਰਹੀ ਰਿਟਰੀਟ ਸੈਰੇਮਨੀ ਦੇ ਨਾਂਅ 'ਤੇ ਠੱਗਾਂ ਨੇ ਦਿੱਲੀ ਦੇ ਲੋਕਾਂ ਨੂੰ ਆਨਲਾਈਨ ਚਾਰ ਟਿਕਟਾਂ ਵੇਚ ਦਿੱਤੀਆਂ।

ਇਸ ਠੱਗੀ ਦਾ ਖੁਲਾਸਾ ਓਦੋਂ ਹੋਇਆ ਜਦ ਦਿੱਲੀ ਦੇ ਰਹਿਣ ਵਾਲੇ ਜੋਤੀ ਸਿੰਘ ਆਪਣੇ ਤਿੰਨ ਸਾਥੀਆਂ ਨਾਲ ਮਿਲ ਕੇ ਅਟਾਰੀ ਸੀਮਾ 'ਤੇ ਸੈਰੇਮਨੀ ਦੇਖਣ ਪਹੁੰਚੇ। ਉਨ੍ਹਾਂ ਨੇ ਆਨਲਾਈਨ ਟਿਕਟਾਂ ਨੂੰ ਮੌਕੇ 'ਤੇ ਮੌਜੂਦ ਬੀ ਐੱਸ ਐਫ ਅਫਸਰ ਨੂੰ ਦਿਖਾਇਆ ਅਤੇ ਪੁੱਛਿਆ ਕਿ ਉਨ੍ਹਾਂ ਦੀ ਸੀਟ ਕਿੱਥੇ



ਹੈ। ਬੀ ਐੱਸ ਐੱਫ ਅਧਿਕਾਰੀ ਹੈਰਾਨ ਰਹਿ ਗਏ, ਕਿਉਂਕਿ ਏਥੇ ਰਿਟਰੀਟ ਦੇਖਣ ਦੀ ਕੋਈ ਫੀਸ ਜਾਂ ਟਿਕਟ ਨਹੀਂ ਲੱਗਦੀ। ਇਸ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਬੀ ਐੱਸ ਐੱਫ ਅਧਿਕਾਰੀਆਂ ਨੇ ਥਾਣਾ ਘਰਿੰਡਾ ਵਿੱਚ ਸ਼ਿਕਾਇਤ ਦਰਜ ਕਰਾਈ ਤੇ ਪੁਲਸ ਨੇ ਧੋਖੇ ਨਾਲ ਫਰਜ਼ੀ ਟਿਕਟਾਂ ਵੇਚਣ ਦੇ ਦੋਸ਼ ਵਿੱਚ ਅਣਪਛਾਤੇ ਲੋਕਾਂ ਦੇ ਖਿਲਾਫ ਕੇਸ ਦਰਜ ਕੀਤਾ ਹੈ। ਜਾਂਚ ਕਰ ਰਹੇ ਪੁਲਸ ਅਫਸਰ ਬਲਜਿੰਦਰ ਸਿੰਘ ਨੇ ਦੱਸਿਆ ਕਿ ਇਹ ਟਿਕਟਾਂ ਐਕਸਪੀਡੀਆ ਡਾਟ ਕਾਮ ਨਾਂਅ ਦੀ ਵੈੱਬਸਾਈਟ ਤੋਂ ਵਿਕੀਆਂ ਹਨ। ਇਹ ਕੰਪਨੀ ਯੂ ਐੱਸ ਬੇਸਡ ਹੈ। ਪਤਾ ਲਾਇਆ ਜਾ ਰਿਹਾ ਹੈ ਕਿ ਆਨਲਾਈਨ ਠੱਗੀ ਕਰਨ ਵਾਲੇ ਲੋਕਾਂ ਨੇ ਇਸ ਕੰਪਨੀ ਦਾ ਨਾਂਅ ਕਿਵੇਂ ਵਰਤਿਆ ਹੈ।

ਬੀ ਐੱਸ ਐੱਫ ਦੀ 88ਵੀਂ ਬਟਾਲੀਅਨ ਦੇ ਡਿਪਟੀ ਕਮਾਂਡੈਂਟ ਚੰਦਰਦੀਪ ਸਿੰਘ ਦੇ ਅਨੁਸਾਰ ਸ਼ਨੀਵਾਰ ਉਨ੍ਹਾਂ ਦੀ ਡਿਊਟੀ ਰਿਟਰੀਟ ਸੈਰੇਮਨੀ ਦੇ ਨੇੜੇ ਲੱਗੀ ਹੋਈ ਸੀ। ਸ਼ਾਮ ਹੁੰਦੇ ਹੀ ਹਜ਼ਾਰਾਂ ਦੀ ਗਿਣਤੀ ਵਿੱਚ ਸੈਲਾਨੀ ਸੈਰੇਮਨੀ ਦੇਖਣ ਲਈ ਪਹੁੰਚੇ ਤਾਂ ਇਸ ਦੌਰਾਨ ਦਿੱਲੀ ਦੇ ਜੋਤੀ ਸਿੰਘ ਆਪਣੇ ਤਿੰਨ ਸਾਥੀਆਂ ਨਾਲ ਉਨ੍ਹਾਂ ਕੋਲ ਪਹੁੰਚੇ ਤੇ ਟਿਕਟ ਦਿਖਾ ਕੇ ਆਪਣੀ ਜਗ੍ਹਾ ਦੇ ਬਾਰੇ ਪੁੱਛਣ ਲੱਗੇ। ਉਨ੍ਹਾਂ ਤੋਂ ਇੱਕ ਟਿਕਟ ਦੇ ਪੰਦਰਾਂ ਸੌ ਰੁਪਏ ਵਸੂਲੇ ਗਏ ਸਨ। ਉਨ੍ਹਾਂ ਨੇ ਜੋਤੀ ਸਿੰਘ ਨੂੰ ਦੱਸਿਆ ਕਿ ਸੈਰੇਮਨੀ ਦੇਖਣ ਲਈ ਕਿਸੇ ਤਰ੍ਹਾਂ ਦੀ ਟਿਕਟ ਜਾਂ ਫੀਸ ਨਹੀਂ ਲਈ ਜਾਂਦੀ।

## ਸਿਟੀ ਸੈਂਟਰ ਕੇਸ

## ਵਿਜੀਲੈਂਸ ਵੱਲੋਂ ਕੇਸ ਰੱਦ ਕਰਨ ਦੇ ਫੈਸਲੇ ਨੂੰ ਬੈਂਸ ਵੱਲੋਂ ਹਾਈ ਕੋਰਟ ਵਿੱਚ ਚੁਣੌਤੀ

ਲੁਧਿਆਣਾ, 9 ਸਤੰਬਰ (ਪੋਸਟ ਬਿਊਰੋ)- ਬਹੁ-ਚਰਚਿਤ ਬਹੁ-ਕਰੋੜੀ ਸਿਟੀ ਸੈਂਟਰ ਕੇਸ ਵਿੱਚ ਵਿਜੀਲੈਂਸ ਬਿਊਰੋ ਵੱਲੋਂ ਕੇਸ ਰੱਦ ਕਰਨ ਲਈ ਸੈਸ਼ਨ ਅਦਾਲਤ ਨੂੰ ਦਿੱਤੀ ਦਰਖਾਸਤ ਨੂੰ ਲੋਕ ਇਨਸਾਫ ਪਾਰਟੀ ਦੇ ਮੁਖੀ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਹਾਈ ਕੋਰਟ ਵਿੱਚ ਚੁਣੌਤੀ ਦਿੱਤੀ ਹੈ।

ਮਿਲੀ ਜਾਣਕਾਰੀ ਅਨੁਸਾਰ ਇਸ ਘੁਟਾਲੇ ਵਿੱਚ ਵਿਜੀਲੈਂਸ ਬਿਊਰੋ ਵੱਲੋਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਸਮੇਤ 32 ਵਿਅਕਤੀਆਂ ਦੇ ਖਿਲਾਫ ਕੇਸ ਦਰਜ ਕੀਤਾ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਸਰਕਾਰ ਦੀ ਬਣਨ ਪਿੱਛੋਂ ਵਿਜੀਲੈਂਸ ਨੇ ਅਦਾਲਤ 'ਚ ਅਰਜ਼ੀ ਦਾਇਰ ਕਰਕੇ ਇਸ ਕੇਸ ਨੂੰ ਰੱਦ ਕਰਨ ਦੀ ਬੇਨਤੀ ਕੀਤੀ ਸੀ, ਜਿਸ ਦੀ ਸੁਣਵਾਈ ਅਦਾਲਤ ਵਿੱਚ ਚੱਲ ਰਹੀ ਹੈ। ਸੈਸ਼ਨ ਅਦਾਲਤ ਨੇ





ਸੁਣਵਾਈ 13 ਸਤੰਬਰ ਤੱਕ ਮੁਲਤਵੀ ਕਰ ਦਿੱਤੀ ਸੀ। ਇਸ ਕੇਸ ਦੇ ਗਵਾਹ ਸੁਨੀਲ ਡੇਅ, ਵਿਜੀਲੈਂਸ ਬਿਊਰੋ ਦੇ ਉਸ ਵੇਲੇ ਦੇ ਐਸ ਐਸ ਪੀ ਅਤੇ ਜਾਂਚ ਅਧਿਕਾਰੀ ਕੰਵਰਜੀਤ ਸਿੰਘ ਸੰਧੂ, ਸਾਬਕਾ ਡੀ ਜੀ ਪੀ ਸੁਮੇਧ ਸਿੰਘ ਸੈਣੀ ਅਤੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਵਿਜੀਲੈਂਸ ਦੀ ਇਸ ਕਾਰਵਾਈ ਦਾ ਵਿਰੋਧ ਕੀਤਾ ਸੀ। ਇਨ੍ਹਾਂ ਸਾਰਿਆਂ ਨੇ ਇਸ ਕੇਸ 'ਚ ਬਕਾਇਦਾ ਦਰਖਾਸਤ ਦੇ ਕੇ ਅਦਾਲਤ ਨੂੰ ਸੁਣਵਾਈ ਲਈ ਬੇਨਤੀ ਕੀਤੀ ਸੀ, ਪਰ ਅਦਾਲਤ ਨੇ ਇਨ੍ਹਾਂ ਸਾਰਿਆਂ ਦੀਆਂ ਦਰਖਾਸਤਾਂ ਨੂੰ ਰੱਦ ਕਰ ਦਿੱਤਾ। ਵਿਧਾਇਕ ਸਿਮਰਜੀਤ ਸਿੰਘ ਬੈਂਸ ਨੇ ਆਪਣੀ ਦਰਖਾਸਤ ਰੱਦ ਕਰਨ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ, ਜਿਸ 'ਤੇ 19 ਸਤੰਬਰ ਨੂੰ ਸੁਣਵਾਈ ਹੋਵੇਗੀ।

## ਬੰਦ ਦੌਰਾਨ ਗੋਲੀ ਚਲਾਉਣ ਵਾਲੇ ਦੇ ਹੱਕ ਵਿੱਚ ਸਿੱਖ ਜਥੇਬੰਦੀਆਂ ਨਿੱਤਰੀਆਂ

ਜਲੰਧਰ, 9 ਸਤੰਬਰ (ਪੋਸਟ ਬਿਊਰੋ)- ਪੰਜਾਬ ਬੰਦ ਦੇ ਦੌਰਾਨ ਨਕੋਦਰ ਵਿੱਚ ਆਪਣੇ ਬਚਾਅ ਦੇ ਲਈ ਗੋਲੀ ਚਲਾਉਣ ਵਾਲੇ ਦੇ ਹੱਕ ਵਿੱਚ ਆਈਆਂ ਸਿੱਖ ਜਥੇਬੰਦੀਆਂ ਨੇ ਥਾਣਾ ਨਕੋਦਰ ਦਾ ਘਿਰਾਓ ਕਰ ਕੇ ਪੁਲਸ ਨੂੰ ਇਹ ਚਿਤਾਵਨੀ ਦਿੱਤੀ ਹੈ ਕਿ ਜੇ 10 ਸਤੰਬਰ ਤੱਕ ਕੇਸ ਵਾਪਸ ਨਾ ਲਿਆ ਤਾਂ ਉਹ ਵੀ ਸਖਤ ਐਕਸ਼ਨ ਲੈਣਗੇ।

ਥਾਣੇ ਦੇ ਬਾਹਰ ਧਰਨਾ ਦੇ ਰਹੇ ਗੁਰੂ ਗ੍ਰੰਥ ਸਾਹਿਬ ਸਤਿਕਾਰ ਕਮੇਟੀ ਤੇ ਸਿੱਖ ਤਾਲਮੇਲ ਕਮੇਟੀ ਦੇ ਕਾਰਕੁਨਾਂ ਨੂੰ ਸੰਬੋਧਨ ਕਰਦਿਆਂ ਸਤਿਕਾਰ ਕਮੇਟੀ ਦੇ ਮੁਖੀ ਸੁਖਜੀਤ ਸਿੰਘ ਖੋਸਾ ਨੇ ਕਿਹਾ ਕਿ ਜਬਰੀ ਦੁਕਾਨਾਂ ਬੰਦ ਕਰਵਾਉਣ ਅਤੇ ਦੁਕਾਨਾਂ ਦੀ ਭੰਨ ਤੋੜ ਕਰਨ ਵਾਲੇ ਅਨਸਰਾਂ ਵਿਰੁੱਧ ਜੇ 10 ਸਤੰਬਰ ਤੱਕ ਕਾਰਵਾਈ ਨਾ ਹੋਈ ਤਾਂ ਉਹ ਸਖਤ ਐਕਸ਼ਨ ਕਰਨ ਲਈ ਮਜਬੂਰ ਹੋਣਗੇ। ਵਰਨਣ ਯੋਗ ਹੈ ਕਿ ਪੰਜਾਬ ਬੰਦ ਦੌਰਾਨ ਨਕੋਦਰ ਵਿੱਚ ਜੈਨਰੇਟਰਾਂ ਦੀ



ਦੁਕਾਨ ਨੂੰ ਜਬਰੀ ਬੰਦ ਕਰਾਉਣ ਤੋਂ ਵਿਵਾਦ ਹੋ ਗਿਆ ਸੀ। ਇਸ ਪਿੱਛੋਂ ਦੁਕਾਨ ਦੇ ਮਾਲਕ ਨੇ ਗੋਲੀ ਚਲਾ ਦਿੱਤੀ ਸੀ, ਜਿਹੜੀ ਗੁਰਪ੍ਰੀਤ ਸਿੰਘ ਉਰਫ ਗੋਪੀ ਦੇ ਢਿੱਡ ਵਿੱਚ ਲੱਗੀ ਸੀ। ਜ਼ਖਮੀ ਗੋਪੀ ਦੇ ਪਰਵਾਰ ਦੀ ਸ਼ਿਕਾਇਤ ਉੱਤੇ ਕੇਸ ਦਰਜ ਕਰਕੇ ਮੁਲਜ਼ਮ ਅਤੇ ਉਸ ਦੇ ਭਰਾ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਡਿਪਟੀ ਕਮਿਸ਼ਨਰ ਵਰਿੰਦਰ ਕੁਮਾਰ ਸ਼ਰਮਾ ਅਤੇ ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਹਸਪਤਾਲ ਵਿੱਚ ਗੁਰਪ੍ਰੀਤ ਸਿੰਘ ਗੋਪੀ ਦਾ ਹਾਲ ਪੁੱਛਿਆ ਤੇ ਪੀੜਤ ਪਰਵਾਰ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ ਹੈ। ਨਕੋਦਰ ਥਾਣੇ ਅੱਗੇ ਧਰਨਾ ਦੇਣ ਵਾਲੇ ਸਿੱਖ ਸੰਗਠਨਾਂ ਨੇ ਐਸ ਐਸ ਪੀ ਦੇ ਨਾਂਅ ਜਿਹੜੀ ਸ਼ਿਕਾਇਤ ਦਿੱਤੀ ਹੈ, ਉਸ ਵਿੱਚ ਗੋਲੀ ਲੱਗਣ ਨਾਲ ਜ਼ਖਮੀ ਹੋਏ ਗੁਰਪ੍ਰੀਤ ਸਿੰਘ ਗੋਪੀ ਸਮੇਤ ਪੰਜ ਹੋਰਨਾਂ ਦੇ ਨਾਂਅ ਵੀ ਹਨ ਤੇ ਹੁਲੜਬਾਜ਼ੀ ਕਰਨ ਵਾਲੀ ਭੀੜ ਵਿੱਚ 20 ਜਣਿਆਂ ਨੂੰ ਸਾਹਮਣੇ ਆਉਣ 'ਤੇ ਪਛਾਣਨ ਦਾ ਦਾਅਵਾ ਕੀਤਾ ਹੈ।

## ਗਹਿਣੇ ਨਾ ਦੇਣ ਉੱਤੇ ਵਿਆਹੁਤਾ ਦੀ ਹੱਤਿਆ ਕਰ ਦਿੱਤੀ ਗਈ

ਮੋਗਾ, 9 ਸਤੰਬਰ (ਪੋਸਟ ਬਿਊਰੋ)- ਮੋਗਾ ਜ਼ਿਲ੍ਹੇ ਦੇ ਬਾਘਾਪੁਰਾਣਾ ਦੀ ਵਾਸੀ ਮਨਜੀਤ (31) ਦੀ 24 ਅਗਸਤ ਨੂੰ ਭੇਤ ਭਰੇ ਹਾਲਾਤ ਵਿੱਚ ਮੌਤ ਹੋ ਗਈ ਤਾਂ ਮ੍ਰਿਤਕਾ ਦੇ ਪਿਤਾ ਹਰੀਕ੍ਰਿਸ਼ਨ ਵਾਸੀ ਲੋਹੀਆਂ ਖਾਸ (ਜਲੰਧਰ) ਦੇ ਬਿਆਨਾਂ ਉਤੇ ਬਾਘਾਪੁਰਾਣਾ ਪੁਲਸ ਨੇ ਇਸ ਬਾਰੇ ਕਾਰਵਾਈ ਕੀਤੀ ਸੀ।

ਮਿਲੀ ਜਾਣਕਾਰੀ ਅਨੁਸਾਰ ਮ੍ਰਿਤਕਾ ਦੇ ਪਿਤਾ ਹਰੀਕ੍ਰਿਸ਼ਨ ਨੇ ਪੁਲਸ ਨੂੰ ਦੱਸਿਆ ਕਿ ਉਸ ਦੀ ਬੇਟੀ ਮਨਜੀਤ ਦਾ ਵਿਆਹ ਕਰੀਬ 13-14 ਸਾਲ ਪਹਿਲਾਂ ਸੋਹਣ ਲਾਲ ਉਰਫ ਬੰਟੀ ਵਾਸੀ ਬਾਘਾਪੁਰਾਣਾ ਨਾਲ ਹੋਇਆ ਸੀ ਅਤੇ ਬੀਤੀ 24 ਅਗਸਤ ਨੂੰ ਮੇਰੇ ਜਵਾਈ ਨੇ ਸਾਨੂੰ ਫੋਨ 'ਤੇ ਸੂਚਿਤ ਕੀਤਾ ਕਿ ਮਨਜੀਤ ਦੀ ਹਾਰਟ ਅਟੈਕ ਨਾਲ ਮੌਤ ਹੋ ਗਈ ਹੈ। ਅਸੀਂ ਪਰਵਾਰਕ ਮੈਂਬਰਾਂ ਸਣੇ ਓਥੇ ਪੁੱਜੇ, ਪਰ ਸਾਨੂੰ ਮੇਰੀ ਬੇਟੀ ਦੇ ਪਤੀ ਅਤੇ ਸਹੁਰੇ ਪਰਵਾਰ ਨੇ ਉਸ ਨੂੰ ਚੰਗੀ ਤਰ੍ਹਾਂ ਵੇਖਣ ਵੀ ਨਹੀਂ ਦਿੱਤਾ ਅਤੇ ਇਸ ਬਾਰੇ ਉਸ ਸਮੇਂ ਅਸੀਂ ਮੁੱਢਲੀ ਕਾਰਵਾਈ ਕਰਵਾਈ ਸੀ। ਪਿੱਛੋਂ ਸਾਨੂੰ ਪਤਾ ਲੱਗਾ ਕਿ ਮੇਰੀ ਬੇਟੀ ਮਨਜੀਤ ਦੀ ਹੱਤਿਆ ਉਸ ਦੇ ਪਤੀ ਤੇ ਪਰਵਾਰ ਦੇ ਮੈਂਬਰਾਂ ਨੇ ਜ਼ਹਿਰੀਲੀ ਚੀਜ਼ ਦੇ ਕੇ ਕੀਤੀ ਹੈ ਕਿਉਂਕਿ ਉਸ ਦੇ ਜੇਠ ਰਣਜੀਤ ਸਿੰਘ ਦੀ ਬੇਟੀ ਦਾ ਵਿਆਹ ਨਵੰਬਰ 'ਚ ਹੋਣਾ ਹੈ, ਜਿਸ ਲਈ ਉਹ ਉਸ ਕੋਲੋਂ ਗਹਿਣਿਆਂ ਦੀ ਮੰਗ ਕਰ ਰਹੇ ਸਨ, ਪਰ ਮੇਰੀ ਬੇਟੀ ਗਹਿਣੇ ਦੇਣ ਤੋਂ ਇਨਕਾਰ ਕਰ ਰਹੀ ਸੀ। ਇਸ ਕਾਰਨ ਉਸ ਨਾਲ ਕੁੱਟਮਾਰ ਕੀਤੀ ਜਾਣ ਲੱਗੀ ਤੇ ਉਸ ਨੂੰ ਮਾਨਸਿਕ ਤੌਰ 'ਤੇ ਪ੍ਰੇਸ਼ਾਨ ਕੀਤਾ ਜਾਣ ਲੱਗਾ ਅਤੇ ਆਖਰ ਇਨ੍ਹਾਂ ਰਲ ਕੇ ਮੇਰੀ ਬੇਟੀ ਦੀ ਹੱਤਿਆ ਕਰ ਦਿੱਤੀ।

ਇਸ ਬਾਰੇ ਬਾਘਾਪੁਰਾਣਾ ਦੇ ਸਹਾਇਕ ਥਾਣੇਦਾਰ ਕੁਲਦੀਪ ਸਿੰਘ ਨੇ ਦੱਸਿਆ ਕਿ ਹਰੀਕ੍ਰਿਸ਼ਨ ਦੇ ਬਿਆਨਾਂ ਉਤੇ ਮ੍ਰਿਤਕਾ ਦੇ ਪਤੀ ਸੋਹਣ ਲਾਲ ਬੰਟੀ, ਨਣਦ ਗੱਗੋ, ਜੇਠ ਰਣਜੀਤ ਸਿੰਘ ਦੀਪਾ ਅਤੇ ਜਠਾਣੀਆਂ ਗੀਤਾ ਅਤੇ ਸੁਨੀਤਾ ਸਾਰੇ ਵਾਸੀ ਬਾਘਾਪੁਰਾਣਾ ਖਿਲਾਫ ਕੇਸ ਦਰਜ ਕਰ ਲਿਆ ਹੈ। ਦੋਸ਼ੀਆਂ ਨੂੰ ਕਾਬੂ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।



## ਰੋਲਸ ਰਾਇਸ ਦੇ ਖਿਲਾਫ ਮਨੀ ਲਾਂਡਰਿੰਗ ਦਾ ਕੇਸ ਦਰਜ

ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਲੰਡਨ ਵਿੱਚ ਆਟੋਮੋਬਾਈਲ ਕੰਪਨੀ ਰੋਲਸ ਰਾਇਸ ਦੇ ਖਿਲਾਫ ਮਨੀ ਲਾਂਡਰਿੰਗ ਦਾ ਕੇਸ ਦਰਜ ਕੀਤਾ ਹੈ। ਦੋਸ਼ ਇਹ ਹੈ ਕਿ ਸਾਲ 2007 ਤੋਂ 2011 ਦੇ ਦੌਰਾਨ ਕੰਪਨੀ ਨੇ ਸਰਕਾਰੀ ਕੰਪਨੀਆਂ ਐੱਚ ਏ ਐੱਲ, ਓ ਐੱਨ ਜੀ ਸੀ ਅਤੇ ਗੇਲ ਨਾਲ ਸਮਝੌਤੇ ਲਈ 77 ਕਰੋੜ ਤੋਂ ਵੱਧ ਦੀ ਰਿਸ਼ਵਤ ਦਿੱਤੀ ਸੀ। ਇਸ ਸਾਲ ਜੁਲਾਈ ਵਿੱਚ ਸੀ ਬੀ ਆਈ ਵੱਲੋਂ ਕੇਸ ਦਰਜ ਕਰਨ ਦੇ ਬਾਅਦ ਈ ਡੀ ਨੇ ਮਨੀ ਲਾਂਡਰਿੰਗ ਐਕਟ ਦੇ ਤਹਿਤ ਮਾਮਲਾ ਦਰਜ ਕਰ ਲਿਆ ਹੈ।

ਅਸਲ ਵਿੱਚ ਸੀ ਬੀ ਆਈ ਨੇ ਰੋਲਸ ਰਾਇਸ, ਇਸ ਦੀ ਭਾਰਤੀ ਸਹਿਯੋਗੀ ਕੰਪਨੀ, ਸਿੰਗਾਪੁਰ ਦੇ ਅਸ਼ੋਕ ਪਟਨੀ ਅਤੇ ਉਨ੍ਹਾਂ ਦੀ ਕੰਪਨੀ ਐਸ਼ਮੋਰੇ ਪ੍ਰਾਈਵੇਟ ਲਿਮਟਿਡ ਅਤੇ ਮੁੰਬਈ ਦੇ ਟਰਬੋ-ਟੇਕ ਐਨਰਜੀ ਸਰਵਿਸਿਜ਼ ਇੰਟਰਨੈਸ਼ਨਲ ਪ੍ਰਾਈਵੇਟ ਲਿਮਟਿਡ ਦੇ ਨਾਲ ਐੱਚ ਏ ਐੱਲ, ਗੇਲ ਅਤੇ ਓ ਐੱਨ ਜੀ ਸੀ ਦੇ ਅਣਪਛਾਤੇ ਅਫਸਰਾਂ ਉੱਤੇ ਅਪਰਾਧਕ ਸਾਜ਼ਿਸ਼ ਅਤੇ ਰਿਸ਼ਵਤ ਦਾ ਕੇਸ ਦਰਜ ਕੀਤਾ ਸੀ। ਸੀ ਬੀ ਆਈ ਨੇ ਸ਼ਿਕਾਇਤ ਵਿੱਚ ਦੋਸ਼ ਲਾਇਆ ਸੀ ਕਿ 2000 ਤੋਂ 2013 ਵਿਚਾਲੇ ਰੋਲਸ ਰਾਇਸ ਦੇ ਨਾਲ ਐੱਚ ਏ ਐੱਲ ਦਾ ਕੁੱਲ ਕਾਰੋਬਾਰ 4700 ਕਰੋੜ ਰੁਪਏ ਦਾ ਹੋਇਆ ਸੀ। ਜਾਂਚ ਏਜੰਸੀ ਦਾ ਦੋਸ਼ ਹੈ ਕਿ ਰੋਲਸ ਰਾਇਸ ਨੇ 2007-11 ਵਿਚਾਲੇ ਐੱਚ ਏ ਐੱਲ ਨੂੰ ਏਵਨ ਅਤੇ ਏਲੀਸਨ ਇੰਜਣ ਦੇ ਪੁਰਜਿਆਂ ਲਈ ਸੌ ਆਰਡਰ ਵਾਸਤੇ ਵਪਾਰਕ ਸਲਾਹਕਾਰ ਦੇ ਰੂਪ ਵਿੱਚ ਪਟਨੀ ਨੂੰ 18 ਕਰੋੜ ਰੁਪਏ ਭੁਗਤਾਨ ਕੀਤਾ ਸੀ। ਪੰਜ ਸਾਲ ਦੀ ਲੰਬੀ ਜਾਂਚ ਪਿੱਛੋਂ ਸੀ ਬੀ ਆਈ ਨੇ ਇਹ ਮਾਮਲਾ ਦਰਜ ਕੀਤਾ ਸੀ। ਇਹ ਜਾਂਚ ਰੱਖਿਆ ਮੰਤਰਾਲੇ ਦੀ ਇੱਕ ਸ਼ਿਕਾਇਤ ਉੱਤੇ ਸ਼ੁਰੂ ਕੀਤੀ ਗਈ ਸੀ। ਮੰਤਰਾਲੇ ਨੂੰ ਇਸ ਬਾਰੇ ਇੱਕ ਪੱਤਰ ਮਿਲਿਆ ਸੀ, ਜਿਸ ਵਿੱਚ ਪਟਨੀ ਤੇ ਉਨ੍ਹਾਂ ਦੀ ਕੰਪਨੀ ਦੇ ਰੋਲਸ ਰਾਇਸ ਨਾਲ ਸੰਬੰਧਾਂ ਦਾ ਕੇਸ ਦਰਜ ਹੋਣ ਪਿੱਛੋਂ ਰੋਲਸ ਰਾਇਸ ਨੇ ਕਿਹਾ ਸੀ ਕਿ ਉਹ ਕਿਸੇ ਵੀ ਪ੍ਰਕਾਰ ਦੇ ਵਪਾਰਕ ਕਦਾਚਾਰ ਨੂੰ ਸਹਿਣ ਨਹੀਂ ਕਰੇਗਾ ਅਤੇ ਨੈਤਿਕ ਕੀਮਤਾਂ ਲਈ ਹਰ ਸੰਭਵ ਕਦਮ ਉਠਾਏਗਾ।

# 18 ਸਰਕਾਰੀ ਬੈਂਕਾਂ ਨਾਲ 31,898 ਕਰੋੜ ਰੁਪਏ ਦੀ ਧੋਖਾਧੜੀ ਹੋਣ ਦਾ ਖੁਲਾਸਾ

ਇੰਦੌਰ, 9 ਸਤੰਬਰ (ਪੋਸਟ ਬਿਊਰੋ)- ਸੂਚਨਾ ਦੇ ਅਧਿਕਾਰ ਐਕਟ ਰਾਹੀਂ ਹਾਸਲ ਕੀਤੀ ਜਾਣਕਾਰੀ ਤੋਂ ਖੁਲਾਸਾ ਹੋਇਆ ਹੈ ਕਿ ਇਸ ਵਿੱਤੀ ਸਾਲ ਦੀ ਪਹਿਲੀ ਤਿਮਾਹੀ (ਅਪਰੈਲ ਤੋਂ ਜੂਨ) ਤੱਕ ਸਰਕਾਰੀ ਖੇਤਰ ਦੇ 18 ਬੈਂਕਾਂ ਵਿੱਚ ਕੁੱਲ 31,898.63 ਕਰੋੜ ਰੁਪਏ ਦੀ ਧੋਖਾਧੜੀ ਦੇ 2480 ਮਾਮਲੇ ਸਾਹ-ਮਣੇ ਆਏ ਹਨ।




ਪਤਾ ਲੱਗਾ ਹੈ ਕਿ ਭਾਰਤ ਦਾ ਮੋਹਰੀ ਬੈਂਕ ਭਾਰਤੀ ਸਟੇਟ ਬੈਂਕ ਇਸ ਸਮੇਂ ਦੌਰਾਨ ਧੋਖਾਧੜੀ ਦਾ ਸਭ ਤੋਂ ਵੱਧ ਸ਼ਿਕਾਰ ਬਣਿਆ ਹੈ, ਕਿਉਂਕਿ ਧੋਖਾਧੜੀ ਵਾਲੀ ਉਕਤ ਰਕਮ ਵਿੱਚੋਂ ਕਰੀਬ 38 ਫੀਸਦੀ ਧਨ ਨਾਲ ਜੁੜੇ ਮਾਮਲੇ ਸਿਰਫ ਭਾਰਤੀ ਸਟੇਟ ਬੈਂਕ ਵੱਲੋਂ ਜ਼ਾਹਰ ਕੀਤੇ ਗਏ ਹਨ। ਮੱਧ ਪ੍ਰਦੇਸ਼ ਦੇ ਨੀਮਚ ਸ਼ਹਿਰ ਦੇ ਵਾਸੀ ਤੇ ਆਰ ਟੀ ਆਈ ਕਾਰਕੁਨ ਚੰਦਰਸ਼ੇਖਰ ਗੌੜ ਨੇ ਕੱਲ੍ਹ ਦੱਸਿਆ ਕਿ ਭਾਰਤੀ ਰਿਜ਼ਰਵ ਬੈਂਕ ਦੇ ਇਕ ਅਧਿਕਾਰੀ ਨੇ ਉਸ ਨੂੰ ਇਹ ਜਾਣਕਾਰੀ ਦਿੱਤੀ ਹੈ। ਆਰ ਟੀ ਆਈ ਹੇਠ ਗੌੜ ਨੂੰ ਭੇਜੇ ਜਵਾਬ ਤੋਂ ਪਤਾ ਲੱਗਦਾ ਹੈ ਕਿ 30 ਜੂਨ ਨੂੰ ਖਤਮ ਹੋਈ ਪਹਿਲੀ ਤਿਮਾਹੀ ਵਿੱਚ ਭਾਰਤੀ ਸਟੇਟ ਬੈਂਕ ਵਿੱਚ ਧੋਖਾਧੜੀ ਦੇ 1197 ਮਾਮਲਿਆਂ ਦਾ ਪਤਾ ਲੱਗਿਆ ਜੋ ਕੁੱਲ 12,012.77 ਕਰੋੜ ਰੁਪਏ ਦੀ ਰਾਸ਼ੀ ਨਾਲ ਸਬੰਧਤ ਸਨ। ਇਸ ਸਮੇਂ ਦੌਰਾਨ ਬੈਂਕਿੰਗ ਧੋਖਾਧੜੀ ਦੇ ਘੇਰੇ ਵਿੱਚ ਆਈ ਸਭ ਤੋਂ ਵੱਧ ਧਨ ਰਾਸ਼ੀ ਦੇ ਪੈਮਾਨੇ 'ਤੇ ਇਲਾਹਾਬਾਦ ਬੈਂਕ ਦੂਜੇ ਥਾਂ ਰਿਹਾ। ਇਸ ਬੈਂਕ ਵਿੱਚ ਕੁੱਲ 2855.46 ਕਰੋੜ ਰੁਪਏ ਦੀ ਧੋਖਾਧੜੀ ਦੇ 381 ਮਾਮਲੇ ਸਾਹਮਣੇ ਆਏ। ਪੰਜਾਬ ਨੈਸ਼ਨਲ ਬੈਂਕ ਕੁੱਲ 2526.55 ਕਰੋੜ ਰੁਪਏ ਦੀ ਧੋਖਾਧੜੀ ਦੇ 99 ਕੇਸਾਂ ਨਾਲ ਇਸ ਸੂਚੀ ਵਿੱਚ ਤੀਜੇ ਨੰਬਰ 'ਤੇ ਰਿਹਾ ਹੈ। ਭਾਰਤੀ ਰਿਜ਼ਰਵ ਬੈਂਕ ਵੱਲੋਂ ਦਿੱਤੀ ਜਾਣਕਾਰੀ ਵਿੱਚ ਬੈਂਕਿੰਗ ਧੋਖਾਧੜੀ ਦੀ ਕਿਸਮ ਤੇ ਧੋਖਾਧੜੀ ਦੇ ਸ਼ਿਕਾਰ ਬੈਂਕ ਜਾਂ ਉਸ ਦੇ ਗਾਹਕਾਂ ਨੂੰ ਹੋਏ ਨੁਕਸਾਨ ਦਾ ਵੇਰਵਾ ਨਹੀਂ ਦਿੱਤਾ ਗਿਆ। ਸੂਚਨਾ ਦੇ ਅਧਿਕਾਰ ਐਕਟ ਹੇਠ ਦਿੱਤੀ ਅਰਜ਼ੀ ਵਿੱਚ ਗੌੜ ਦੇ ਇਕ ਸਵਾਲ ਉੱਤੇ ਭਾਰਤੀ ਰਿਜ਼ਰਵ ਬੈਂਕ ਨੇ ਕਿਹਾ ਕਿ ਉਸ ਕੋਲ ਇਸ ਦੇ ਅੰਕੜੇ ਨਹੀਂ ਹਨ। ਚੱਲ ਰਹੇ ਸਾਲ ਦੀ ਪਹਿਲੀ ਤਿਮਾਹੀ ਵਿੱਚ ਬੈਂਕ ਆਫ ਬੜੌਦਾ ਵਿੱਚ 2297.05 ਕਰੋੜ ਰੁਪਏ ਦੀ ਧੋਖਾਧੜੀ ਦੇ 75 ਮਾਮਲੇ, ਓਰੀਐਂਟਲ ਬੈਂਕ ਆਫ ਕਾਮਰਸ 'ਚ 2133.08 ਕਰੋੜ ਰੁਪਏ ਦੀ ਧੋਖਾਧੜੀ ਦੇ 45 ਮਾਮਲੇ, ਕੇਨਰਾ ਬੈਂਕ ਵਿੱਚ 2035.81 ਕਰੋੜ ਦੀ ਧੋਖਾਧੜੀ ਦੇ 69 ਮਾਮਲੇ, ਸੈਂਟਰਲ ਬੈਂਕ ਆਫ ਇੰਡੀਆ ਵਿੱਚ 1982.27 ਕਰੋੜ ਦੀ ਧੋਖਾਧੜੀ ਦੇ 194 ਮਾਮਲੇ, ਯੂਨਾਈਟਿਡ ਬੈਂਕ ਆਫ ਇੰਡੀਆ 'ਚ 1196 ਕਰੋੜ ਰੁਪਏ ਦੀ ਧੋਖਾਧੜੀ ਦੇ 31 ਮਾਮਲੇ ਸਾਹਮਣੇ ਆਏ। ਕਾਰਪੋਰੇਸ਼ਨ ਬੈਂਕ 'ਚ 16 ਕੇਸਾਂ 'ਚ 960.80 ਕਰੋੜ, ਇੰਡੀਅਨ ਓਵਰਸੀਜ਼ ਬੈਂਕ ਵਿੱਚ 46 ਕੇਸਾਂ 'ਚ 934.67 ਕਰੋੜ ਅਤੇ ਬੈਂਕ ਆਫ ਇੰਡੀਆ 'ਚ 42 ਕੇਸਾਂ 'ਚ 517.20 ਕਰੋੜ ਰੁਪਏ ਦੀ ਧੋਖਾਧੜੀ ਹੋਈ ਹੈ ਅਤੇ ਸਭ ਤੋਂ ਘੱਟ ਸਿਰਫ ਇਕ ਮਾਮਲੇ 'ਚ 2.2 ਲੱਖ ਰੁਪਏ ਦੀ ਧੋਖਾਧੜੀ ਪੰਜਾਬ ਐਂਡ ਸਿੰਧ ਬੈਂਕ 'ਚ ਹੋਈ।

### ਅਮਿਤ ਸ਼ਾਹ ਵੱਲੋਂ ਦਾਅਵਾ

# ਉੱਤਰ ਪੂਰਬੀ ਰਾਜਾਂ ਵਾਲੀ ਧਾਰਾ 371 ਨੂੰ ਕੇਂਦਰ ਨਹੀਂ ਛੂਹੇਗਾ

ਗੁਹਾਟੀ, 9 ਸਤੰਬਰ (ਪੋਸਟ ਬਿਊਰੋ)- ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਹੈ ਕਿ ਉੱਤਰ ਪੂਰਬ ਨੂੰ ਵਿਸ਼ੇਸ਼ ਦਰਜਾ ਦੇਣ ਵਾਲੀ ਧਾਰਾ 371 ਨੂੰ ਕੇਂਦਰ ਸਰਕਾਰ ਕਦੇ ਨਹੀਂ ਛੂਹੇਗੀ। ਉਨ੍ਹਾ ਕਿਹਾ ਕਿ ਧਾਰਾ 370 ਆਰਜ਼ੀ ਨਿਯਮਾਂ ਦੇ ਬਾਰੇ ਹੈ। ਜੰਮੂ ਕਸ਼ਮੀਰ ਵਿੱਚ ਧਾਰਾ 370 ਦੇ ਬਹੁਤੇ ਨਿਯਮਾਂ ਨੂੰ ਹਟਾਏ ਜਾਣ ਪਿੱਛੋਂ ਉੱਤਰ ਪੂਰਬ ਦੇ ਲੋਕਾਂ ਨੂੰ ਗਲਤ ਸੂਚਨਾ ਦੇਣ ਅਤੇ ਗੁੰਮਰਾਹ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਕਿ ਕੇਂਦਰ ਧਾਰਾ 371 ਵੀ ਹਟਾਏਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਪਾਰਲੀਮੈਂਟ ਵਿੱਚ ਸਪੱਸ਼ਟ ਕੀਤਾ ਹੈ ਕਿ ਅਜਿਹਾ ਨਹੀਂ ਹੋਵੇਗਾ ਅਤੇ ਉਹ ਅੱਠ ਮੁੱਖ ਮੰਤਰੀਆਂ ਦੀ ਮੌਜੂਦਗੀ ਵਿੱਚ ਦੁਬਾਰਾ ਕਹਿ ਰਹੇ ਹਨ ਕਿ ਕੇਂਦਰ ਇਸ ਧਾਰਾ 371 ਨੂੰ ਨਹੀਂ ਛੂਹੇਗਾ।



ਅਮਿਤ ਸ਼ਾਹ ਨੇ ਕਿਹਾ ਕਿ ਦੇਸ਼ ਵਿੱਚ ਕਿਸੇ ਗੈਰ ਕਾਨੂੰਨੀ ਪਰਵਾਸੀ ਨੂੰ ਰਹਿਣ ਦੀ ਆਗਿਆ ਕਦੇ ਨਹੀਂ ਦਿੱਤੀ ਜਾਵੇਗੀ ਤੇ ਆਸਾਮ ਵਿੱਚ ਕੌਮੀ ਨਾਗਰਿਕ ਰਜਿਸਟਰੇਸ਼ਨ ਦੀ ਕਾਰਵਾਈ ਸਮਾਂਬੱਧ ਤਰੀਕੇ ਨਾਲ ਪੂਰੀ ਹੋਈ ਹੈ। ਵਰਨਣ ਯੋਗ ਹੈ ਕਿ ਅਮਿਤ ਸ਼ਾਹ ਉੱਤਰ-ਪੂਰਬ ਕੌਂਸਲ (ਐੱਨ ਈ ਸੀ) ਦੇ ਪ੍ਰਧਾਨ ਵੀ ਹਨ। ਉਹ ਇਥੇ ਐਨ ਈ ਸੀ ਦੇ 68ਵੇਂ ਮੁਕੰਮਲ ਸੈਸ਼ਨ ਦੇ ਉਦਘਾਟਨੀ ਸੰਬੋਧਨ ਵਿੱਚ ਅੱਠ ਉੱਤਰ ਪੂਰਬੀ ਰਾਜਾਂ ਦੇ ਮੁੱਖ ਮੰਤਰੀਆਂ ਨੂੰ ਸੰਬੋਧਨ ਕਰ ਰਹੇ ਸਨ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ, ਵੱਖ-ਵੱਖ ਲੋਕਾਂ ਨੇ ਐੱਨ ਆਰ ਸੀ ਬਾਰੇ ਕਈ ਤਰ੍ਹਾਂ ਦੇ ਸਵਾਲ ਚੁੱਕੇ ਹਨ। ਮੈਂ ਸਪੱਸ਼ਟ ਕਰਨਾ ਚਾਹੁੰਦਾ ਹਾਂ ਕਿ ਭਾਰਤ ਸਰਕਾਰ ਕਿਸੇ ਵੀ ਨਾਜਾਇਜ਼ ਪਰਵਾਸੀ ਨੂੰ ਦੇਸ਼ ਵਿੱਚ ਰਹਿਣ ਦੀ ਆਗਿਆ ਨਹੀਂ ਦੇਵੇਗੀ। ਇਹ ਸਾਡੀ ਵਚਨਬੱਧਤਾ ਹੈ। ਪਿਛਲੇ ਦਿਨੀਂ ਐੱਨ ਆਰ ਸੀ ਦੀ ਸੂਚੀ ਜਾਰੀ ਹੋਣ ਦਾ ਜ਼ਿਕਰ ਕਰ ਕੇ ਉਨ੍ਹਾਂ ਕਿਹਾ, ਇਸ ਨੂੰ ਸਮਾਂਬੱਧ ਤਰੀਕੇ ਨਾਲ ਪੂਰਾ ਕੀਤਾ ਗਿਆ ਹੈ।

ਜਾਣਕਾਰ ਸੂਤਰਾਂ ਨੇ ਦੱਸਿਆ ਕਿ ਬੈਠਕ ਨੂੰ ਕੇਂਦਰੀ ਮੰਤਰੀ ਅਤੇ ਐੱਨ ਈ ਸੀ ਦੇ ਮੀਤ ਪ੍ਰਧਾਨ ਜਤਿੰਦਰ ਸਿੰਘ ਨੇ ਵੀ ਸੰਬੋਧਨ ਕੀਤਾ। ਐੱਨ ਆਰ ਸੀ ਦਫਤਰ ਨੇ 31 ਅਗਸਤ ਨੂੰ ਕਿਹਾ ਸੀ ਕਿ ਐੱਨ ਆਰ ਸੀ ਵਿੱਚ ਸ਼ਾਮਲ ਹੋਣ ਦੇ ਲਈ 3,30,27,661 ਲੋਕਾਂ ਨੇ ਅਰਜ਼ੀਆਂ ਦਿੱਤੀਆਂ ਸਨ। ਇਨ੍ਹਾਂ ਵਿੱਚੋਂ 3,11,21,004 ਲੋਕਾਂ ਨੂੰ ਸ਼ਾਮਲ ਕੀਤਾ ਗਿਆ ਅਤੇ 19,06,657 ਲੋਕਾਂ ਨੂੰ ਬਾਹਰ ਕਰ ਦਿੱਤਾ ਗਿਆ ਹੈ।

## 1.16 ਲੱਖ ਦਾ ਚਾਲਾਣ ਕੱਟਿਆ, ਡਰਾਈਵਰ ਪੈਸੇ ਫੜ੍ਹ ਕੇ ਫਰਾਰ, ਮਾਲਕ ਪਰੇਸ਼ਾਨ



ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਬੀਤੀ 1 ਸਤੰਬਰ 2019 ਤੋਂ ਭਾਰਤ ਵਿੱਚ ਲਾਗੂ ਕੀਤਾ ਗਿਆ ਨਵਾਂ ਮੋਟਰ ਵ੍ਹੀਕਲ ਐਕਟ ਲੋਕਾਂ ਦੀ ਵੱਡੀ ਪਰੇਸ਼ਾਨੀ ਦਾ ਕਾਰਨ ਬਣ ਗਿਆ ਹੈ। ਤਾਜ਼ਾ ਕੇਸ ਦਿੱਲੀ ਦਾ ਹੈ, ਜਿੱਥੇ ਇੱਕ ਟਰਾਂਸਪੋਰਟਰ ਨੂੰ ਦੋਹਰੀ ਮਾਰ ਪਈ ਤੇ ਉਸ ਦਾ ਡਰਾਈਵਰ ਜੁਰਮਾਨੇ ਵਾਲੇ ਪੈਸੇ ਲੈ ਕੇ ਖਿਸਕ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਦਿੱਲੀ ਦੇ ਟਰਾਂਸਪੋਰਟਰ ਯਾਮੀਨ ਖਾਨ ਦਾ ਓਵਰਲੋਡ ਟਰੱਕ ਹਰਿਆਣਾ ਵਿੱਚ ਜਾਂਦਾ ਪਿਆ ਸੀ ਤਾਂ ਰੇਵਾੜੀ ਵਿੱਚ 1.16 ਲੱਖ ਰੁਪਏ ਦਾ ਚਾਲਾਨ ਕੱਟਿਆ ਗਿਆ। ਟਰੱਕ ਮਾਲਕ ਯਾਸੀਨ ਨੇ ਜਿਵੇਂ-ਤਿਵੇਂ ਪੈਸੇ ਜੋੜ ਕੇ ਆਪਣੇ ਡਰਾਈਵਰ ਜ਼ਾਕਿਰ ਹੁਸੈਨ ਨੂੰ ਚਾਲਾਨ ਦੇ ਪੈਸੇ ਦੇ ਕੇ ਖੇਤਰੀ ਟਰਾਂਸਪੋਰਟ ਅਫਸਰ (ਆਰ ਟੀ ਓ) ਕੋਲ ਜਮਾਂ ਕਰਾਉਣ ਲਈ ਦਿੱਤੇ, ਪਰ ਡਰਾਈਵਰ ਚਾਲਾਨ ਭਰਨ ਦੀ ਥਾਂ ਪੈਸੇ ਲੈ ਕੇ ਫਰਾਰ ਹੋ ਗਿਆ। ਫਰਾਰ ਡਰਾਈਵਰ ਨੇ ਮਾਲਕ ਦੀ ਫੋਨ ਕਾਲ ਸੁਣਨਾ ਵੀ ਬੰਦ ਕਰ ਦਿੱਤਾ। ਇਸ ਪਿੱਛੋਂ ਟਰੱਕ ਮਾਲਕ ਯਾਸੀਨ ਨੇ ਡਰਾਈਵਰ ਦੇ ਵਿਰੁੱਧ ਪੁਲਸ ਕੋਲ 1.16 ਲੱਖ ਰੁਪਏ ਲੈ ਕੇ ਦੌੜਨ ਦਾ ਕੇਸ ਦਰਜ ਕਰਵਾ ਦਿੱਤਾ। ਪੁਲਸ ਕੇਸ ਦੀ ਜਾਂਚ ਵਿੱਚ ਜੁਟ ਗਈ ਅਤੇ ਉੱਤਰ ਪ੍ਰਦੇਸ਼ ਦੇ ਫਿਰੋਜ਼ਾਬਾਦ ਤੋਂ ਉਸ ਨੂੰ ਗ੍ਰਿਫਤਾਰ ਕਰ ਦਿੱਲੀ ਲੈ ਆਈ। ਡਰਾਈਵਰ ਤੋਂ ਚਾਲਾਨ ਦੇ ਪੈਸੇ ਬਰਾਮਦ ਹੋ ਗਏ ਹਨ। ਇਸ ਸੰਬੰਧ ਵਿੱਚ ਪੁਲਸ ਅਧਿਕਾਰੀ ਮੁਤਾਬਕ ਡਰਾਈਵਰ ਜ਼ਾਕਿਰ ਆਪਣੇ ਮਾਲਕ ਨੂੰ ਸਬਕ ਸਿਖਾਉਣਾ ਚਾਹੁੰਦਾ ਸੀ। ਟਰੱਕ ਮਾਲਕ ਨੇ ਉਸ ਨੂੰ ਇਸ ਤਰ੍ਹਾਂ ਦਾ ਵੱਡਾ ਚਾਲਾਨ ਹੋਣ ਉੱਤੇ ਝਿੜਕਿਆ ਸੀ। ਉਹ ਮੌਕੇ ਦੀ ਭਾਲ ਵਿੱਚ ਸੀ, ਜਦੋਂ ਉਸ ਨੂੰ ਚਾਲਾਨ ਦੇ ਪੈਸੇ ਜਮਾਂ ਕਰਾਉਣ ਨੂੰ ਮਿਲੇ, ਉਹ ਲੈ ਕੇ ਫਰਾਰ ਹੋ ਗਿਆ।

# ਸੀ ਬੀ ਆਈ ਤੇ ਸਰਕਾਰ ਦੇ ਸੰਬੰਧਾਂ ਵਿੱਚ ਕੁਝ ਦੂਰੀ ਜ਼ਰੂਰੀ

ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਸਾਬਕਾ ਕੰਪਟਰੋਲਰ ਤੇ ਆਡੀਟਰ ਜਨਰਲ (ਕੈਗ) ਵਿਨੋਦ ਰਾਏ ਨੇ ਕਿਹਾ ਹੈ ਕਿ ਸੀ ਬੀ ਆਈ ਨੂੰ ਸਰਕਾਰ ਤੋਂ ਇਕ ਤੈਅ ਦੂਰੀ ਬਣਾ ਕੇ ਚੱਲਣ ਲਈ ਫੌਰੀ ਮਜ਼ਬੂਤ ਕਰਨ ਦੀ ਲੋੜ ਹੈ। ਰਾਏ ਦਾ ਮੰਨਣਾ ਹੈ ਕਿ ਸੀ ਬੀ ਆਈ ਬੇਸ਼ੱਕ ਡਰਾਈ ਧਮਕਾਈ ਨਹੀਂ ਦਿੱਸਦੀ, ਪਰ ਜਾਂਚ ਲਈ ਕਠਪੁਤਲੀ ਬਣਦੀ ਦਿਖਾਈ ਦੇ ਰਹੀ ਹੈ। ਇਹ ਸਰਕਾਰ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਅਕਸ ਨੂੰ ਸੁਧਾਰੇ ਤੇ ਇਹ ਯਕੀਨੀ ਕਰੇ ਕਿ ਉਸ ਨੂੰ ਇਸ ਦਾ ਜ਼ਿੰਮੇਵਾਰ ਨਾ ਠਹਿਰਾਇਆ ਜਾਵੇ ਕਿ ਇਨ੍ਹਾਂ ਅਦਾਰਿਆਂ ਦੀ ਭਰੋਸੇਯੋਗਤਾ ਹੇਠਲੇ ਪੱਧਰ 'ਤੇ ਚੱਲੀ ਗਈ।

ਸਾਬਕਾ ਕੈਗ ਇਹ ਵੀ ਮੰਨਦੇ ਹਨ ਕਿ ਪੀ ਏ ਸੀ ਦੀ ਰੈਗੂਲਰ ਬੈਠਕ ਕਾਰਜ ਪਾਲਿਕਾ ਦੇ ਕੰਮਕਾਜ ਦੀ ਲਗਾਤਾਰ ਨਿਗਰਾਨੀ ਲਈ ਅਸਰਦਾਰ ਹਥਿਆਰ ਹੈ ਤੇ ਕਿਸੇ ਢਿੱਲ ਜਾਂ ਦੁਰਵਰਤੋਂ ਦਾ ਸੰਕੇਤ ਮਿਲਣ 'ਤੇ ਇਹ ਉਸ ਦੀ ਸ਼ਨਾਖਤ ਕਰੇਗੀ। ਸਾਬਕਾ ਆਈ ਏ ਐਸ ਅਧਿਕਾਰੀ ਨੇ ਆਪਣੀ ਇੱਕ ਨਵੀਂ ਕਿਤਾਬ 'ਰੀਥਿੰਕਿੰਗ ਗੁਡ ਗਵਰਨੈਂਸ- ਹੋਲਡਿੰਗ ਟੂ ਅਕਾਊਂਟ ਇੰਡੀਆਜ਼ ਪਬਲਿਕ ਇੰਸਟੀਚਿਊਸ਼ਨਜ਼' ਵਿੱਚ ਇਹ 'ਤੇ ਜ਼ੋਰ ਦਿੱਤਾ ਹੈ ਕਿ ਮਜ਼ਬੂਤ ਤੇ ਗਤੀਸ਼ੀਲ ਲੋਕਤੰਤਰ ਦੀ ਬੁਨਿਆਦ ਦੇ ਰੂਪ ਵਿੱਚ ਕੰਮ ਕਰਨ ਲਈ ਕਿਵੇਂ ਇਹ ਸੰਸਥਾਵਾਂ ਅਹਿਮ ਹਨ। ਰਾਏ ਨੇ ਸੁਝਾਅ ਦਿੱਤਾ ਹੈ ਕਿ ਸੀ ਬੀ ਆਈ 'ਚ ਵਕਾਲਤ ਦੀ ਭੂਮਿਕਾ ਦੀ ਨਵੇਂ ਸਿਰੇ ਤੋਂ ਸਮੀਖਿਆ ਕਰਨ ਦੀ ਲੋੜ ਹੈ ਕਿਉਂਕਿ ਏਜੰਸੀ ਦਾ ਚਰਚਿਤ ਕੇਸਾਂ 'ਚ ਸਜ਼ਾ ਦਿਵਾਉਣ ਦਾ ਰਿਕਾਰਡ ਚੰਗਾ ਨਹੀਂ ਰਿਹਾ। ਆਪਣੀ ਕਿਤਾਬ 'ਚ ਉਨ੍ਹਾਂ ਲਿਖਿਆ ਕਿ ਡਾਇਰੈਕਟਰ ਇਸਤਗਾਸਾ ਦੀ ਭੂਮਿਕਾ ਆਮ ਤੌਰ 'ਤੇ ਐਵੇਂ ਹੁੰਦੀ ਹੈ ਤੇ ਉਹ ਉਸੇ ਸਿਆਸੀ ਵਫਾਦਾਰੀ ਦੇ ਦਲਦਲ 'ਚ ਫਸ ਜਾਂਦੇ ਹਨ, ਜਿਹੜਾ ਸੰਗਠਨ ਦੇ ਡਾਇਰੈਕਟਰ ਨੂੰ ਭਰਮਾ ਲੈਂਦਾ ਹੈ। ਖਾਸ ਤੌਰ 'ਤੇ ਉਦੋਂ ਜਦੋਂ ਡਾਇਰੈਕਟਰ ਲਾਬੀ ਕਰਕੇ ਨਿਯੁਕਤੀ ਹਾਸਲ ਕਰਦੇ ਹਨ ਤੇ ਫਿਰ ਸ਼ੁਰੂਆਤ ਹੀ 'ਮੈਂ ਤੁਹਾਡਾ ਕਰਜ਼ਦਾਰ ਰਹਾਂਗਾ' ਤੋਂ ਕਰਦੇ ਹਨ। ਰਾਏ ਨੇ ਕਿਹਾ ਕਿ ਇਸ ਸੰਸਥਾ 'ਚ 'ਵਫਾਦਾਰ' ਨੂੰ ਪਹਿਲ ਦੇਣ ਨਾਲ ਏਜੰਸੀ ਵਿੱਚ ਨਿਯੁਕਤ ਹੋਣ ਵਾਲੇ ਅਧਿਕਾਰੀਆਂ ਦੀ ਪੇਸ਼ੇਵਰ ਸਮਰੱਥਾ 'ਚ ਲਗਾਤਾਰ ਗਿਰਾਵਟ ਆ ਰਹੀ ਹੈ। ਇਸ ਦਾ ਨਤੀਜਾ ਇਹ ਹੈ ਕਿ ਇਸਤਗਾਸਾ ਵਧੇਰੇ ਗਲਤ ਸਾਬਤ ਹੋ ਰਹੇ ਹਨ।

## ਵਿਧਾਨ ਸਭਾ ਚੋਣ ਲੜ ਚੁੱਕੇ ਬੰਦੇ ਦੀ ਗੋਲੀ ਮਾਰ ਕੇ ਹੱਤਿਆ

ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਦੇਸ਼ ਦੀ ਰਾਜਧਾਨੀ ਦਿੱਲੀ ਵਿੱਚ ਕੱਲ੍ਹ ਨਰੇਲਾ ਇਲਾਕੇ ਵਿੱਚ ਗੋਲੀਆਂ ਚੱਲ ਗਈਆਂ। ਬਦਮਾਸ਼ਾਂ ਨੇ ਥਾਣੇ ਤੋਂ ਸਿਰਫ 200 ਮੀਟਰ ਦੂਰ ਬਹੁਜਨ ਸਮਾਜ ਪਾਰਟੀ ਦੇ ਟਿਕਟ 'ਤੇ ਵਿਧਾਨ ਸਭਾ ਚੋਣ ਲੜ ਚੁੱਕੇ ਇੱਕ ਵਿਅਕਤੀ ਦੀ ਹੱਤਿਆ ਕਰ ਦਿੱਤੀ। ਇਹ ਘਟਨਾ ਲਾਮਪੁਰ ਮੋੜ ਦੀ ਹੈ। ਸੂਚਨਾ ਮਿਲਣ 'ਤੇ ਓਥੇ ਪਹੁੰਚੀ ਪੁਲਸ ਨੇ ਉਸ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਕਰ ਦਿੱਤਾ। ਮਿਲੀ ਜਾਣਕਾਰੀ ਅਨੁਸਾਰ ਬਸਪਾ ਦੀ ਟਿਕਟ 'ਤੇ ਵਿਧਾਨ ਸਭਾ ਚੋਣ ਲੜ ਚੁੱਕਾ ਵਰਿੰਦਰ ਮਾਨ ਉਰਫ ਕਾਲੇ ਕੱਲ੍ਹ ਆਪਣੀ ਕਾਰ ਰਾਹੀਂ ਕਿਤੇ ਜਾ ਰਿਹਾ ਸੀ। ਉਹ ਲਾਮਪੁਰ ਮੋੜ ਉਤੇ ਗਿਆ ਤਾਂ ਬਦਮਾਸ਼ਾਂ ਨੇ ਫਾਇਰਿੰਗ ਕਰ ਦਿੱਤੀ। ਗੋਲੀਆਂ ਲੱਗਣ 'ਤੇ ਉਸ ਨੂੰ ਹਸਪਤਾਲ ਲਿਆਂਦਾ ਗਿਆ ਤਾਂ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ।

# ਕਸ਼ਮੀਰ ਵਿੱਚ ਮੁਹੱਰਮ ਤੋਂ ਪਹਿਲਾਂ ਫਿਰ ਪਾਬੰਦੀਆਂ ਲਾਗੂ



ਸ੍ਰੀਨਗਰ, 9 ਸਤੰਬਰ (ਪੋਸਟ ਬਿਊਰੋ)- ਕਸ਼ਮੀਰ 'ਚ ਤਣਾਅ ਤੇ ਬੇਵਸਾਹੀ ਦੇ ਮਾਹੌਲ ਦੇ ਬਾਵਜੂਦ ਹੌਲੀ-ਹੌਲੀ ਪੱਟੜੀ 'ਤੇ ਪਰਤ ਰਹੀ ਜ਼ਿੰਦਗੀ ਦੀ ਰਫਤਾਰ 'ਤੇ ਕੱਲ੍ਹ ਪ੍ਰਸ਼ਾਸਨਿਕ ਪਾਬੰਦੀਆਂ ਨੇ ਫਿਰ ਬ੍ਰੇਕ ਲਾ ਦਿੱਤੀ ਹੈ। ਮੁਹੱਰਮ ਦੇ ਜਲੂਸ ਦੌਰਾਨ ਹਿੰਸਾ ਦੇ ਖਦਸ਼ੇ ਕਾਰਨ ਪ੍ਰਸ਼ਾਸਨ ਨੇ ਸੰਵੇਦਨਸ਼ੀਲ ਇਲਾਕਿਆਂ 'ਚ ਮਨਾਹੀ ਦੇ ਹੁਕਮ ਲਾਗੂ ਕਰ ਦਿੱਤੇ ਹਨ। ਕੱਲ੍ਹ ਵਾਦੀ 'ਚ ਕਾਰੋਬਾਰੀ ਅਦਾਰੇ ਬੰਦ ਰਹੇ। ਜਨਤਕ ਵਾਹਨ ਵੀ ਸੜਕਾਂ 'ਤੋਂ ਗਾਇਬ ਰਹੇ।

ਵਰਨਣ ਯੋਗ ਹੈ ਕਿ 10 ਸਤੰਬਰ ਨੂੰ ਮੁਹੱਰਮ ਦਾ ਵੱਡਾ ਜਲੂਸ ਕੱਢਿਆ ਜਾਣਾ ਹੈ। ਪੰਜ ਅਗਸਤ ਨੂੰ ਧਾਰਾ 370 ਹਟਾਏ ਜਾਣ ਤੋਂ ਬਾਅਦ ਕਸ਼ਮੀਰ ਵਿੱਚ ਕਾਨੂੰਨ ਵਿਵਸਥਾ ਬਣਾਈ ਰੱਖਣ ਲਈ ਪ੍ਰਸ਼ਾਸਨ ਨੇ ਫਿਲਹਾਲ ਕਈ ਥਾਵਾਂ 'ਤੇ ਮਨਾਹੀ ਦੇ ਹੁਕਮ ਲਾਗੂ ਕੀਤੇ ਹੋਏ ਹਨ। ਟੈਲੀਫੋਨ ਸੇਵਾ ਚਾਲੂ ਹੋ ਚੁੱਕੀ ਹੈ, ਪਰ ਮੋਬਾਈਲ ਤੇ ਇੰਟਰਨੈਟ ਸੇਵਾ ਠੱਪ ਹੈ। ਅੱਤਵਾਦੀ ਸੰਗਠਨਾਂ ਤੇ ਵੱਖਵਾਦੀ ਸਮਰਥਕਾਂ ਵੱਲੋਂ ਦੁਕਾਨਾਂ ਬੰਦ ਕਰਨ ਦੀਆਂ ਧਮਕੀਆਂ ਨੂੰ ਨਜ਼ਰ ਅੰਦਾਜ਼ ਕਰਕੇ ਲੋਕ ਸਵੇਰੇ ਸ਼ਾਮ ਦੁਕਾਨਾਂ ਖੋਲ੍ਹ ਰਹੇ ਹਨ। ਆਮ ਲੋਕ ਵੀ ਸ਼ਾਂਤੀ ਵਿਵਸਥਾ ਬਣਾਈ ਰੱਖਣ 'ਚ ਪ੍ਰਸ਼ਾਸਨ ਦਾ ਸਹਿਯੋਗ ਕਰ ਰਹੇ ਹਨ। ਲਾਲ ਚੌਕ ਤੇ ਉਸ ਦੇ ਨਾਲ ਦੇ ਇਲਾਕਿਆਂ 'ਚ ਆਉਣ ਜਾਣ ਦੇ ਰਸਤੇ ਬੰਦ ਕੀਤੇ ਗਏ ਹਨ। ਸੜਕਾਂ 'ਤੇ ਤਾਰਾਂ ਤੇ ਹੋਰ ਰੋਕਾਂ ਲਾ ਦਿੱਤੀਆਂ ਗਈਆਂ ਹਨ। ਡਾਊਨ-ਟਾਊਨ 'ਚ ਪ੍ਰਸ਼ਾਸਨਿਕ ਪਾਬੰਦੀਆਂ ਹਨ ਅਤੇ ਸੋਪੋਰ, ਪੱਟਨ, ਬਾਰਾਮੁਲਾ, ਬਡਗਾਮ, ਮਾਗਾਮ, ਗੰਦਰਬਲ, ਪੁਲਵਾਮਾ, ਅਨੰਤਨਾਗ ਤੇ ਕੁਲਗਾਮ 'ਚ ਵਿੱਚ ਮਨਾਹੀ ਦੇ ਹੁਕਮ ਲਾਗੂ ਹਨ।

## ਇੱਕ ਕਰੋੜ ਦੇ ਗਹਿਣੇ ਚੋਰੀ ਕਰ ਕੇ ਨੌਂ ਸਾਲ ਪਹਿਲਾਂ ਭੱਜਾ ਦੋਸ਼ੀ ਫੜ੍ਹਿਆ ਗਿਆ

ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਨੌਂ ਸਾਲ ਪਹਿਲਾਂ ਰਾਜਧਾਨੀ ਦਿੱਲੀ ਤੋਂ ਇੱਕ ਕਰੋੜ ਰੁਪਏ ਦੇ ਗਹਿਣੇ ਅਤੇ ਅੱਸੀ ਹਜ਼ਾਰ ਰੁਪਏ ਨਕਦੀ ਚੋਰੀ ਕਰਨ ਦੇ ਮਾਮਲੇ ਵਿੱਚ ਇੱਕ ਨੌਜਵਾਨ ਨੂੰ ਕਰਾਈਮ ਬ੍ਰਾਂਚ ਨੇ ਫੜਿਆ ਹੈ। ਉਹ ਪੰਜਾਬ ਵਿੱਚ ਇੱਕ ਢਾਬੇ 'ਤੇ ਨਾਂਅ ਬਦਲ ਕੇ ਕੰਮ ਕਰ ਰਿਹਾ ਸੀ। ਉਸ ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ। ਦੋਸ਼ੀ ਦੀ ਪਛਾਣ ਉੱਤਰ ਪ੍ਰਦੇਸ਼ ਦੇ ਗੌਂਡਾ ਜ਼ਿਲ੍ਹੇ ਦੇ ਸ਼ੇਰਾਪਰ ਤ੍ਰਿਲੋਕੀਪੁਰਾ ਦੇ ਰਹਿਣ ਵਾਲੇ ਰਾਜੇਸ਼ ਉਰਫ ਭੁਲਾਵਨ ਦੇ ਰੂਪ ਵਿੱਚ ਹੋਈ ਹੈ। ਚੋਰੀ ਵਿੱਚ ਉਸ ਦਾ ਸਾਥ ਦੇਣ ਵਾਲਾ ਦੂਸਰਾ ਘਰੇਲੂ ਸਹਾਇਕ ਕਮਲੇਸ਼ ਅਜੇ ਵੀ ਫਰਾਰ ਹੈ।

ਡੀ ਸੀ ਪੀ ਡਾਕਟਰ ਜੀ ਰਾਮ ਗੋਪਾਲ ਨਾਈਕ ਨੇ ਦੱਸਿਆ ਕਿ 25 ਮਈ 2010 ਨੂੰ ਰਾਜੌਰੀ ਗਾਰਡਨ ਦੇ ਰਹਿਣ ਵਾਲੇ ਵਿਅਕਤੀ ਨੇ ਸ਼ਿਕਾਇਤ ਦਿੱਤੀ ਕਿ ਉਸ ਦੇ ਦੋ ਘਰੇਲੂ ਸਹਾਇਕ ਰਾਜੇਸ਼ ਤੇ ਕਮਲੇਸ਼ ਘਰ ਵਿੱਚ ਰੱਖੇ ਇੱਕ ਕਰੋੜ ਰੁਪਏ ਦੇ ਗਹਿਣੇ ਤੇ ਅੱਸੀ ਹਜ਼ਾਰ ਰੁਪਏ ਲੈ ਕੇ ਦੌੜ ਗਏ ਸਨ। ਪੁਲਸ ਨੇ ਰਾਜੇਸ਼ ਨੂੰ ਫੜਿਆ, ਪਰ ਉਹ ਚਕਮਾ ਦੇ ਕੇ ਫਰਾਰ ਹੋ ਗਿਆ। ਉਸ 'ਤੇ ਵੀਹ ਹਜ਼ਾਰ ਰੁਪਏ ਦਾ ਇਨਾਮ ਐਲਾਨਿਆ ਗਿਆ ਅਤੇ ਕੋਰਟ ਨੇ ਭਗੌੜਾ ਐਲਾਨ ਕੀਤਾ ਸੀ। ਕਰਾਈਮ ਬ੍ਰਾਂਚ ਨੂੰ ਸੂਚਨਾ ਮਿਲੀ ਕਿ ਉਹ ਪੰਜਾਬ ਦੇ ਲੁਧਿਆਣਾ ਵਿੱਚ ਟਿੱਬਾ ਰੋਡ ਉਤੇ ਇੱਕ ਢਾਬੇ 'ਤੇ ਕੰਮ ਕਰਦਾ ਹੈ। ਉਥੇ ਪਹੁੰਚ ਕੇ ਪੁਲਸ ਨੇ ਉਸ ਨੂੰ ਪਛਾਣ ਲਿਆ, ਜੋ ਨਾਂਅ ਅਤੇ ਹੁਲੀਆ ਬਦਲ ਕੇ ਉਥੇ ਰਹਿ ਰਿਹਾ ਸੀ। ਪੁੱਛਗਿੱਛ ਵਿੱਚ ਉਸ ਨੇ ਦੱਸਿਆ ਕਿ ਉਹ ਜਦ 12 ਸਾਲ ਦਾ ਸੀ ਤਾਂ ਦਿੱਲੀ ਆਇਆ ਸੀ ਅਤੇ ਜਾਣ ਪਛਾਣ ਵਾਲੇ ਕੀਰਤੀ ਨਗਰ ਦੇ ਘਰ ਰਹਿੰਦਾ ਸੀ। ਉਥੇ ਉਸ ਨੇ ਢਾਬਿਆਂ 'ਤੇ ਕੰਮ ਕੀਤਾ ਅਤੇ ਖਾਣਾ ਬਣਾਉਣਾ ਸਿਖਿਆ। ਫਰਵਰੀ 2010 ਵਿੱਚ ਉਸ ਦੀ ਮੁਲਾਕਾਤ ਕਮਲੇਸ਼ ਨਾਲ ਹੋਈ, ਜੋ ਰਾਜੌਰੀ ਗਾਰਡਨ ਵਿੱਚ ਕੋਠੀਆਂ ਦਾ ਕੰਮ ਕਰਦਾ ਸੀ। ਕਮਲੇਸ਼ ਤੇ ਉਸ ਨੂੰ ਇੱਕ ਘਰ ਵਿੱਚ ਘਰੇਲੂ ਸਹਾਇਕ ਦਾ ਕੰਮ ਮਿਲ ਗਿਆ। ਕਰੀਬ ਦੋ ਮਹੀਨੇ ਬਾਅਦ ਜਦ ਘਰ ਵਿੱਚ ਕੋਈ ਨਹੀਂ ਸੀ ਤਾਂ ਅਲਮਾਰੀ ਤੋੜ ਕੇ ਇੱਕ ਕਰੋੜ ਦੇ ਗਹਿਣੇ ਅਤੇ ਅੱਸੀ ਹਜ਼ਾਰ ਰੁਪਏ ਕੱਢੇ ਅਤੇ ਭੱਜ ਗਏ। ਫਿਰ ਉਹ ਲੁਧਿਆਣੇ ਪਹੁੰਚ ਗਿਆ।

# ਬੀ ਐੱਸ ਐੱਫ ਵਿੱਚ ਔਰਤਾਂ ਦੀ ਭਰਤੀ ਪਿੱਛੇ ਕਮਾਈ ਦੀ ਚਾਹਤ ਮੁੱਖ ਕਾਰਨ

ਨਵੀਂ ਦਿੱਲੀ, 9 ਸਤੰਬਰ (ਪੋਸਟ ਬਿਊਰੋ)- ਭਾਰਤ ਦੀ ਸਭ ਤੋਂ ਵੱਡੇ ਸਰਹੱਦੀ ਸੁਰੱਖਿਆ ਫੋਰਸ (ਬੀ ਐੱਸ ਐੱਫ) ਦੇ ਵਿੱਚ ਔਰਤਾਂ ਦੀ ਭਰਤੀ ਪਿੱਛੇ ਮੁੱਖ ਕਾਰਨ ਦੇਸ਼ ਦੀ ਸੇਵਾ ਦੀ ਇੱਛਾ ਦੇ ਥਾਂ ਮਾਇਕ ਲੋੜ ਹੈ।

ਸੀਨੀਅਰ ਬੀ ਐਸ ਐਫ ਅਧਿਕਾਰੀ ਕੇ ਗਣੇਸ਼ ਵੱਲੋਂ ਕੀਤੇ ਸਰਵੇ ਵਿੱਚ ਇਹ ਗੱਲ ਸਾਹਮਣੇ ਆਈ ਅਤੇ ਇਸ ਵਿੱਚ ਇਹ ਵੀ ਪਾਇਆ ਗਿਆ ਕਿ ਬੀ ਐੱਸ ਐੱਫ ਨਾਲ ਕੰਮ ਕਰਦੀਆਂ ਔਰਤਾਂ ਵਿੱਚੋਂ ਜ਼ਿਆਦਾਤਰ ਨੇ ਕਦੇ ਕੰਮ ਵਾਲੀ ਜਗ੍ਹਾ ਸੈਕਸ ਸ਼ੋਸ਼ਣ ਦੀਆਂ ਵੱਡੀ ਘਟਨਾ ਦਾ ਸਾਹਮਣਾ ਨਹੀਂ ਕੀਤਾ। ਕਿਸੇ ਕੇਂਦਰੀ ਹਥਿਆਰਬੰਦ ਫੋਰਸ ਵਿੱਚ ਲੜਾਕੂ ਭੂਮਿਕਾਵਾਂ ਵਿੱਚ ਔਰਤਾਂ ਦੇ ਸਾਹਮਣੇ ਆਉਣ ਵਾਲੇ ਮੁੱਦੇ ਨੂੰ ਸਮਝਣ ਲਈ ਇਹ ਪਹਿਲਾ ਉਚੇਚਾ ਸਰਵੇ ਹੈ।



ਬਿਊਰੋ ਆਫ ਪੁਲਸ ਰਿਸਰਚ ਅਤੇ ਡਿਵੈਲਪਮੈਂਟ (ਬੀ ਪੀ ਆਰ ਡੀ) ਦੀ ਤਾਜ਼ਾ ਮੈਗਜ਼ੀਨ ਵਿੱਚ ਛਾਪੇ ਗਏ ਇਸ ਸਰਵੇ ਮੁਤਾਬਕ ਜ਼ਿਆਦਾਤਰ ਮਹਿਲਾ ਕਾਂਸਟੇਬਲਾਂ ਨੂੰ ਮਹਿਲਾ ਡਾਕਟਰ ਨਹੀਂ ਮਿਲ ਸਕਦੀ, ਉਨ੍ਹਾਂ ਨੂੰ ਮਹਾਵਾਰੀ ਦੌਰਾਨ ਲੋੜੀਂਦਾ ਆਰਾਮ ਨਹੀਂ ਦਿੱਤਾ ਜਾਂਦਾ ਅਤੇ ਮਰਦ ਸਾਥੀਆਂ ਵੱਲੋਂ ਅਕਸਰ ਬੋਲ-ਚਾਲ ਵਿੱਚ ਦਿੱਤੀਆਂ ਜਾਂਦੀਆਂ ਗਾਲ੍ਹਾਂ ਤੋਂ ਉਨ੍ਹਾਂ ਨੂੰ ਬੁਰਾ ਲੱਗਦਾ ਹੈ। ਸਰਵੇ ਵਿੱਚ ਕਿਹਾ ਗਿਆ ਹੈ, ਬੀ ਐੱਸ ਐੱਫ ਨੂੰ ਕਰੀਅਰ ਵਜੋਂ ਚੁਣਨ ਵਾਲੀਆਂ ਔਰਤਾਂ ਦੇ ਲਈ ਮੁੱਖ ਕਾਰਨ ਮਾਇਕ ਸੁਰੱਖਿਆ ਦਿਖਾਈ ਦਿੰਦੀ ਹੈ। ਅੱਸੀ ਫੀਸਦੀ ਤੋਂ ਵੱਧ ਔਰਤਾਂ ਨੇ ਕਿਹਾ ਕਿ ਉਨ੍ਹਾਂ ਦੇ ਲਈ ਸੁਰੱਖਿਆ ਫੋਰਸ ਵਿੱਚ ਸ਼ਾਮਲ ਹੋਣ ਦਾ ਕਾਰਨ ਮਾਇਕ ਸੁਰੱਖਿਆ ਦਿਖਾਈ ਦਿੰਦੀ ਹੈ। ਅੱਸੀ ਫੀਸਦੀ ਤੋਂ ਵੱਧ ਔਰਤਾਂ ਨੇ ਕਿਹਾ ਕਿ ਉਨ੍ਹਾਂ ਲਈ ਬੀ ਐੱਸ ਐੱਫ ਵਿੱਚ ਭਰਤੀ ਹੋਣ ਦਾ ਮੁੱਖ ਕਾਰਨ ਰੋਜ਼ਗਾਰ ਜਾਂ ਮਾਇਕ ਕਾਰਨ ਹੀ ਹੈ। ਇਨ੍ਹਾਂ ਨੇ ਕਿਹਾ ਕਿ ਉਹ ਦੇਸ਼ ਦੀ ਰੱਖਿਆ ਲਈ ਇਸ ਸੇਵਾ ਵਿੱਚ ਹਨ। ਸਰਵੇ ਵਿੱਚ ਪੰਜਾਹ ਫੀਸਦੀ ਤੋਂ ਵੱਧ ਔਰਤਾਂ ਨੇ ਕਿਹਾ ਕਿ ਉਹ ਵੀਹ ਸਾਲ ਤੋਂ ਘੱਟ ਸਮੇਂ ਵਿੱਚ ਸੇਵਾ ਤੋਂ ਅਸਤੀਫਾ ਦੇ ਦੇਣਗੀਆਂ ਅਤੇ ਕੇਵਲ 18 ਫੀਸਦੀ ਸੇਵਾਮੁਕਤੀ ਤੱਕ ਕੰਮ ਕਰਨਾ ਚਾਹੁੰਦੀਆਂ ਹਨ। ਇਸ ਵਿੱਚ ਕਿਹਾ ਗਿਆ ਹੈ, ਜ਼ਿਆਦਾਤਰ ਔਰਤਾਂ ਦਾ ਮੰਨਣਾ ਹੈ ਕਿ ਬੀ ਐੱਸ ਐੱਫ ਦਾ ਹਿੱਸਾ ਬਣਨ ਦੇ ਕਾਰਨ ਆਪਣੇ ਫਿਰਕੇ ਵਿੱਚ ਉਨ੍ਹਾਂ ਦਾ ਦਰਜਾ ਵਧ ਗਿਆ ਹੈ।

# ਅੱਜ ਤੱਕ ਦਾ ਸਭ ਤੋਂ ਵੱਡਾ ਚਲਾਨ ਉੜੀਸਾ ਦੇ ਟਰੱਕ ਡਰਾਈਵਰ ਦਾ ਕੱਟਿਆ ਗਿਆ

ਉੜੀਸਾ, 9 ਸਤੰਬਰ (ਪੋਸਟ ਬਿਊਰੋ)- ਉੜੀਸਾ ਦੇ ਸੰਬਲਪੁਰ ਜ਼ਿਲ੍ਹੇ ਦੇ ਟਰੱਕ ਡਰਾਈਵਰ ਦਾ ਸੋਧੇ ਹੋਏ ਮੋਟਰ ਵਾਹਨ ਐਕਟ ਹੇਠ ਸਭ ਤੋਂ ਵੱਡਾ ਚਲਾਨ ਕੱਟਿਆ ਗਿਆ ਹੈ। ਉਸ ਨੂੰ 86,500 ਰੁਪਏ ਦਾ ਜੁਰਮਾਨਾ ਲੱਗਾ ਹੈ।

ਪਤਾ ਲੱਗਾ ਹੈ ਕਿ ਉਸ ਨੇ ਬੀਤੇ ਹਫਤੇ ਕਾਫੀ ਟਰੈਫਿਕ ਨਿਯਮਾਂ ਦਾ ਉਲੰਘਣ ਕੀਤਾ ਹੈ। ਅਸ਼ੋਕ ਯਾਦਵ ਨਾਂਅ ਦੇ ਡਰਾਈਵਰ ਦਾ ਤਿੰਨ ਸਤੰਬਰ ਨੂੰ ਚਲਾਨ ਕੱਟਿਆ ਗਿਆ ਸੀ, ਪ੍ਰੰਤੂ ਇਸ ਦੀ ਤਸਵੀਰ ਕੱਲ੍ਹ ਸ਼ਾਮ ਤੋਂ ਸੋਸ਼ਲ ਮੀਡੀਆ ਉਤੇ ਵਾਇਰਲ ਹੋ ਰਹੀ ਹੈ। ਉਸ ਨੂੰ ਕੁੱਲ ਜੁਰਮਾਨਾ 86,500 ਰੁਪਏ ਦਾ ਲੱਗਾ ਹੈ, ਪਰ ਡਰਾਈਵਰ ਨਾਲ ਪੰਜ ਘੰਟੇ ਤੋਂ ਵੀ ਵੱਧ ਸਮੇਂ ਤੱਕ ਅਧਿਕਾਰੀਆਂ ਦੇ ਗੱਲਬਾਤ ਮਗਰੋਂ 70,000 ਰੁਪਏ ਦੇਣੇ ਪਏ ਹਨ। ਇਹ ਟਰੱਕ ਨਾਗਾਲੈਂਡ ਸਥਿਤ ਕੰਪਨੀ ਬੀ ਐਲ ਏ ਇਨਫਰਾਸਟ੍ਰਕਚਰ ਪ੍ਰਾਈਵੇਟ ਲਿਮਟਿਡ ਦਾ ਹੈ, ਜਿਸ ਵਿੱਚ ਜੇ ਸੀ ਬੀ ਮਸ਼ੀਨ ਸੀ। ਟਰੱਕ ਅੰਗੁਲ ਜ਼ਿਲ੍ਹੇ ਤੋਂ ਛੱਤੀਸਗੜ੍ਹ ਦੇ ਤਾਲਚੇਰ ਟਾਊਨ ਜਾ ਰਿਹਾ ਸੀ। ਸੰਬਲਪੁਰ ਵਿੱਚ ਅਧਿਕਾਰੀਆਂ ਨੇ ਇਸ ਨੂੰ ਫੜ ਲਿਆ।



ਉੜੀਸਾ ਵੀ ਉਨ੍ਹਾਂ ਰਾਜਾਂ ਵਿੱਚ ਸ਼ਾਮਲ ਹੈ, ਜਿਨ੍ਹਾਂ ਨੇ ਇੱਕ ਸਤੰਬਰ ਤੋਂ ਸੋਧੇ ਹੋਏ ਮੋਟਰ ਵਾਹਨ ਐਕਟ ਨੂੰ ਲਾਗੂ ਕੀਤਾ ਹੈ। ਇਸ ਦੇ ਲਾਗੂ ਹੋਣ ਦੇ ਬਾਅਦ ਤੋਂ ਪਹਿਲਾਂ ਚਾਰ ਦਿਨਾਂ ਵਿੱਚ 88 ਲੱਖ ਰੁਪਏ ਤੋਂ ਵੱਧ ਇਕੱਠੇ ਕਰ ਕੇ ਦੇਸ਼ ਵਿੱਚ ਸਭ ਤੋਂ ਵੱਧ ਜੁਰਮਾਨਾ ਇਥੇ ਲਾਇਆ ਗਿਆ ਹੈ। ਪਹਿਲੇ ਚਾਰ ਦਿਨਾਂ ਵਿੱਚ ਇਸ ਰਾਜ ਦੇ ਟਰਾਂਸਪੋਰਟ ਵਿਭਾਗ ਨੇ ਜੁਰਮਾਨੇ ਵਿੱਚ 88 ਲੱਖ ਰੁਪਏ ਦੀ ਕਮਾਈ ਕੀਤੀ ਹੈ, ਜੋ ਦੇਸ਼ ਵਿੱਚ ਸਭ ਤੋਂ ਵੱਧ ਹੈ। ਇਸ ਤੋਂ ਪਹਿਲਾਂ ਬੀਤੇ ਹਫਤੇ ਭੁਵਨੇਸ਼ਵਰ ਵਿੱਚ ਇੱਕ ਆਟੋ ਰਿਕਸ਼ਾ ਵਾਲੇ 'ਤੇ 47500 ਰੁਪਏ ਦਾ ਜੁਰਮਾਨਾ ਲਾਇਆ ਗਿਆ ਸੀ। ਸੰਬਲਪੁਰ ਖੇਤਰੀ ਟਰਾਂਸਪੋਰਟ ਅਧਿਕਾਰੀ ਲਲਿਤ ਮੋਹਨ ਬੇਹਰਾ ਦਾ ਕਹਿਣਾ ਹੈ ਕਿ ਯਾਦਵ ਨੂੰ ਗੈਰ ਪ੍ਰਵਾਨਤ ਵਿਅਕਤੀ ਨੂੰ ਡਰਾਈਵਿੰਗ ਦੀ ਮਨਜ਼ੂਰੀ ਦੇਣ (5000 ਰੁਪਏ), ਬਿਨਾਂ ਲਾਈਸੈਂਸ ਡਰਾਈਵਿੰਗ (5000 ਰੁਪਏ), 18 ਟਨ ਦੀ ਵੱਧ ਵਜਨ ਦੇ ਨਾਲ ਓਵਰਲੋਡਿੰਗ (56,000 ਰੁਪਏ), ਗਲਤ ਸਾਮਾਨ ਰੱਖਣ (20,000 ਰੁਪਏ) ਅਤੇ ਅਪਰਾਧ (500 ਰੁਪਏ) ਕਰਨ 'ਤੇ ਜੁਰਮਾਨਾ ਕੀਤਾ ਗਿਆ ਹੈ, ਜਿਹੜਾ ਭਰਨਾ ਹੀ ਪੈਣਾ ਸੀ।

# ਈਰਾਨ ਦਾ ਪਾਕਿ ਨੂੰ ਝਟਕਾ, ਭਾਰਤ ਵਿਰੋਧੀ ਬੈਨਰ ਪਾਕਿ ਅੰਬੈਸੀ ਤੋਂ ਹਟਵਾਏ ਗਏ

ਤੇਹਰਾਨ, 9 ਸਤੰਬਰ (ਪੋਸਟ ਬਿਊਰੋ)- ਈਰਾਨ ਨੇ ਪਾਕਿਸਤਾਨ ਨੂੰ ਜੰਮੂ-ਕਸ਼ਮੀਰ ਵਾਲੇ ਮਾਮਲੇ ਵਿਚ ਜ਼ੋਰਦਾਰ ਝਟਕਾ ਦਿੱਤਾ ਹੈ ਅਤੇ ਉਸ ਦੀ ਪੁਲਸ ਨੇ ਪਾਕਿਸਤਾਨ ਦੇ ਦੂਤਘਰ ਉੱਤੇ ਲੱਗੇ ਹੋਏ ਭਾਰਤ ਵਿਰੋਧੀ ਪੋਸਟਰਾਂ ਨੂੰ ਅੱਧੀ ਰਾਤ ਵੇਲੇ ਕਾਰਵਾਈ ਕਰ ਕੇ ਉਸ ਦੀਆਂ ਕੰਧਾਂ ਤੋਂ ਹਟਵਾ ਦਿੱਤਾ ਹੈ।



ਪਾਕਿਸਤਾਨ ਦੇ ਦੂਤਘਰ ਉੱਤੇ ਇਹ ਪੋਸਟਰ 15 ਅਗਸਤ ਨੂੰ ਭਾਰਤ ਦੇ ਆਜ਼ਾਦੀ ਦਿਹਾੜੇ ਵੇਲੇ ਲਾਏ ਗਏ ਸਨ। ਈਰਾਨੀ ਅਧਿਕਾਰੀਆਂ ਵੱਲੋਂ ਜ਼ਬਰਦਸਤੀ ਇਹ ਪੋਸਟਰ ਹਟਾਏ ਜਾਣ ਦੀਆਂ ਖਬਰਾਂ ਹਨ। ਭਾਰਤ ਦੇ ਵਿਰੁੱਧ ਕਾਰਵਾਈ ਵਿਚ ਪਾਕਿਸਤਾਨ ਦੇ ਵਿਰੁੱਧ ਈਰਾਨ ਦਾ ਹਾਲੇ ਤੱਕ ਦਾ ਇਹ ਇਕ ਵੱਡਾ ਕਦਮ ਦੱਸਿਆ ਜਾ ਰਿਹਾ ਹੈ। ਸੂਤਰਾਂ ਮੁਤਾਬਕ ਉੱਤਰੀ-ਪੱਛਮੀ ਸ਼ਹਿਰ ਮਸ਼ਾਦ ਵਿੱਚ ਪਾਕਿਸਤਾਨੀ ਕੌਂਸਲੇਟ ਉੱਤੇ ਭਾਰਤ ਵਿਰੋਧੀ ਪੋਸਟਰ ਲਾਏ ਗਏ ਸਨ, ਜਿਨ੍ਹਾਂ ਨੂੰ ਪਾਕਿਸਤਾਨ ਵੱਲੋਂ 'ਕਸ਼ਮੀਰ ਸੋਲੀਡੈਰਿਟੀ ਡੇਅ' ਦੇ ਮੌਕੇ ਉੱਤੇ ਲਾਇਆ ਗਿਆ ਸੀ।

ਜਾਣਕਾਰ ਸੂਤਰਾਂ ਮੁਤਾਬਕ ਈਰਾਨ ਨੇ ਪਾਕਿਸਤਾਨ ਨੂੰ ਸਖਤ ਸ਼ਬਦਾਂ ਵਿਚ ਸਾਫ ਦੱਸ ਦਿੱਤਾ ਹੈ ਕਿ ਇਹ ਤਰੀਕੇ ਕੂਟਨੀਤੀ ਦੀ ਰਣਨੀਤੀ ਵਿਚ ਨਹੀਂ ਆਉਂਦੇ, ਕਿਸੇ ਤੀਜੇ ਦੇਸ਼ ਵਿਰੁੱਧ ਏਦਾਂ ਦੇ ਬੈਨਰ ਲਾਉਣਾ ਡਿਪਲੋਮੈਟਿਕ ਨਿਯਮਾਂ ਦੀ ਉਲੰਘਣਾ ਹੈ। ਈਰਾਨ ਦੇ ਰੁਖ ਤੋਂ ਨਿਰਾਸ਼ ਪਾਕਿਸਤਾਨ ਨੇ ਇਕ ਨੋਟ ਭੇਜ ਕੇ ਈਰਾਨ ਕੋਲ ਇਸ ਕੇਸ ਨੂੰ ਚੁੱਕਿਆ ਹੈ ਤੇ ਅੱਗੋਂ ਈਰਾਨ ਨੇ ਇਸ ਮਾਮਲੇ ਨੂੰ ਮੰਦਭਾਗਾ ਦੱਸਿਆ ਹੈ। ਈਰਾਨੀ ਅਧਿਕਾਰੀਆਂ ਵੱਲੋਂ ਪਾਕਿਸਤਾਨੀ ਡਿਪਲੋਮੈਟਾਂ ਨੂੰ ਇਹ ਪੁੱਛਿਆ ਗਿਆ ਕਿ ਜੇ ਇਸਲਾਮਾਬਾਦ ਵਿੱਚ ਈਰਾਨ ਦੇ ਦੂਤਘਰ ਉੱਤੇ ਸਾਊਦੀ ਅਰਬ ਦੇ ਵਿਰੁੱਧ ਅਜਿਹੇ ਪੋਸਟਰ ਲਾਏ ਜਾਣ ਤਾਂ ਉਨ੍ਹਾਂ ਨੂੰ ਕਿਵੇਂ ਲੱਗੇਗਾ। ਕੀ ਪਾਕਿਸਤਾਨ ਇਸ ਦੀ ਮਨਜ਼ੂਰੀ ਦੇਵੇਗਾ। ਪਾਕਿਸਤਾਨ ਵੀ ਇਸ ਗੱਲ ਉੱਤੇ ਡਟਿਆ ਹੋਇਆ ਹੈ ਕਿ ਉਸ ਨੂੰ ਪੂਰਾ ਅਧਿਕਾਰ ਹੈ ਕਿ ਉਹ ਇਸ ਤਰ੍ਹਾਂ ਦੇ ਸੰਦੇਸ਼ ਦਾ ਜਾਰੀ ਕਰ ਸਕਦਾ ਹੈ।

ਈਰਾਨ ਨੇ ਸਿੱਧੇ ਸ਼ਬਦਾਂ ਵਿਚ ਕਿਹਾ ਹੈ ਕਿ ਕਸ਼ਮੀਰ ਉੱਤੇ ਉਸ ਦਾ ਰੁਖ ਬਦਲਿਆ ਨਹੀਂ ਜਾ ਸਕਦਾ। ਈਰਾਨ ਨੇ ਪਾਕਿਸਤਾਨ ਨੂੰ ਕਿਹਾ ਹੈ ਕਿ ਉਹ ਉਸ ਲਈ ਭਰਾ ਵਰਗਾ ਹੈ, ਪਰ ਭਾਰਤ ਵੀ ਈਰਾਨ ਦਾ ਦੁਸ਼ਮਣ ਨਹੀਂ ਹੈ।

# ਸ਼ਾਂਤੀ ਵਾਰਤਾ ਰੱਦ: ਤਾਲਿਬਾਨ ਦੀ ਅਮਰੀਕਾ ਨੂੰ ਧਮਕੀ, ਹੋਰ ਅਮਰੀਕੀ ਮਰਨਗੇ

ਕਾਬੁਲ, 9 ਸਤੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਅਫ਼ਗਾਨਿਸਤਾਨ ਵਾਲੀ ਸ਼ਾਂਤੀ ਵਾਰਤਾ ਰੱਦ ਕਰਨ ਦੇ ਫ਼ੈਸਲੇ ਤੋਂ ਬਾਅਦ ਤਾਲਿਬਾਨ ਨੇ ਅਮਰੀਕਾ ਨੂੰ ਸਿੱਧੀ ਧਮਕੀ ਦਿੱਤੀ ਅਤੇ ਕਿਹਾ ਹੈ ਕਿ ਇਸ ਨਾਲ ਹੋਰ ਅਮਰੀਕੀ ਫੌਜੀਆਂ ਦੀ ਜਾਨ ਜਾਵੇਗੀ।

ਵਰਨਣ ਯੋਗ ਹੈ ਕਿ ਟਰੰਪ ਨੇ ਸ਼ਨਿਚਰਵਾਰ ਨੂੰ ਇਸ ਵਾਰਤਾ ਨੂੰ ਰੱਦ ਕਰਨ ਦਾ ਫ਼ੈਸਲਾ ਲਿਆ ਸੀ। ਉਨ੍ਹਾਂ ਵੱਲੋਂ ਇਹ ਫ਼ੈਸਲਾ ਕਾਬੁਲ ਕਾਰ ਬੰਬ ਬਲਾਸਟ ਕਾਰਨ ਲਿਆ ਗਿਆ ਸੀ, ਜਿਸ ਦੀ ਜ਼ਿੰਮੇਵਾਰੀ ਤਾਲਿਬਾਨ ਨੇ ਲਈ ਸੀ। ਇਸ ਧਮਾਕੇ ਵਿੱਚ ਇਕ ਹੋਰ ਅਮਰੀਕੀ ਫ਼ੌਜੀ ਸਮੇਤ 12 ਲੋਕਾਂ ਦੀ ਮੌਤ ਹੋਈ ਸੀ। ਟਰੰਪ ਇਸ ਤੋਂ ਪਹਿਲਾਂ ਤਾਲਿਬਾਨ ਦੇ ਪ੍ਰਮੁੱਖ ਆਗੂ ਅਤੇ ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗਨੀ ਨਾਲ ਐਤਵਾਰ ਨੂੰ ਕੈਂਪ ਡੇਵਿਡ ਵਿੱਚ ਵੱਖ-ਵੱਖ ਬੈਠਕ ਕਰਨ ਵਾਲੇ ਸਨ, ਜਿਸ ਨੂੰ ਉਨ੍ਹਾਂ ਨੇ ਰੱਦ ਕਰ ਦਿੱਤਾ। ਇਸ ਪਿੱਛੋਂ ਤਾਲਿਬਾਨ ਨੇ ਇਹ ਬਿਆਨ ਜਾਰੀ ਕੀਤਾ ਹੈ।

ਤਾਲਿਬਾਨ ਦੇ ਬੁਲਾਰੇ ਜਬੀਹੁੱਲਾਹ ਮੁਜ਼ਾਹਿਦ ਨੇ ਵਾਰਤਾ ਰੱਦ ਕਰਨ ਲਈ ਟਰੰਪ ਦੀ ਆਲੋਚਨਾ ਕਰਦਿਆਂ ਕਿਹਾ, 'ਇਸ ਨਾਲ ਅਮਰੀਕਾ ਨੂੰ ਹੋਰ ਨੁਕਸਾਨ ਹੋਵੇਗਾ। ਉਸ ਦੀ ਭਰੋਸੇਯੋਗਤਾ ਪ੍ਰਭਾਵਿਤ ਹੋਵੇਗੀ, ਉਸ ਦਾ ਸ਼ਾਂਤੀ ਵਿਰੋਧੀ ਰੁਖ਼ ਦੁਨੀਆ ਸਾਹਮਣੇ ਹੋਵੇਗਾ, ਜਾਨੀ-ਮਾਲੀ ਨੁਕਸਾਨ ਹੋਵੇਗਾ।' ਉਨ੍ਹਾਂ ਕਿਹਾ ਕਿ ਟਰੰਪ ਦਾ ਫ਼ੈਸਲਾ ਉਨ੍ਹਾਂ ਦੇ ਘੱਟ ਤਜਰਬੇ ਨੂੰ ਦਰਸਾਉਂਦਾ ਹੈ। ਦੂਸਰੇ ਪਾਸੇ ਅਫ਼ਗਾਨਿਸਤਾਨ ਨੇ ਟਰੰਪ ਦੇ ਫ਼ੈਸਲੇ ਦਾ ਸਵਾਗਤ ਕੀਤਾ ਹੈ। ਰਾਸ਼ਟਰਪਤੀ ਅਸ਼ਰਫ਼ ਗਨੀ ਨੇ ਤਾਲਿਬਾਨ ਨੂੰ ਹਿੰਸਾ ਬੰਦ ਕਰਨ ਤੇ ਸਰਕਾਰ ਨਾਲ ਸਿੱਧੀ ਵਾਰਤਾ ਕਰਨ ਦੀ ਸਲਾਹ ਦਿੱਤੀ ਤੇ ਕਿਹਾ ਕਿ ਤਾਲਿਬਾਨ ਦੇ ਹਿੰਸਾ ਛੱਡਣ ਉੱਤੇ ਅਫ਼ਗਾਨਿਸਤਾਨ ਵਿੱਚ ਸ਼ਾਂਤੀ ਆ ਸਕਦੀ ਹੈ। ਤਾਲਿਬਾਨ ਨੇ ਪਿਛਲੇ ਦਿਨੀਂ ਅੱਤਵਾਦੀ ਵਾਰਦਾਤਾਂ ਤੇਜ਼ ਕਰ ਦਿੱਤੀਆਂ ਹਨ। ਅਫ਼ਗਾਨਿਸਤਾਨ ਵਿੱਚ 28 ਸਤੰਬਰ ਨੂੰ ਰਾਸ਼ਟਰਪਤੀ ਦੀ ਚੋਣ ਹੋਣੀ ਹੈ। ਤਾਲਿਬਾਨ ਦੀ ਸ਼ਰਤ ਹੈ ਕਿ ਚੋਣਾਂ ਰੱਦ ਹੋਣ ਉੱਤੇ ਹੀ ਉਹ ਅਮਰੀਕਾ ਨਾਲ ਸਮਝੌਤਾ ਕਰੇਗਾ। ਇਸ ਤੋਂ ਪਹਿਲਾਂ ਇਸ ਕਾਰਨ ਅਮਰੀਕੀ ਵਿਦੇਸ਼ ਮੰਤਰੀ ਨੇ ਸ਼ਾਂਤੀ ਸਮਝੌਤੇ ਉੱਤੇ ਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ ਸੀ।



# ਚੀਨ ਦਾ ਪੈਂਤੜਾ: ਕਸ਼ਮੀਰ ਵਿਵਾਦ ਗੱਲਬਾਤ ਰਾਹੀਂ ਹੱਲ ਕੀਤਾ ਜਾਵੇ



ਇਸਲਾਮਾਬਾਦ, 9 ਸਤੰਬਰ (ਪੋਸਟ ਬਿਊਰੋ)- ਪਾਕਿਸਤਾਨ ਤੇ ਚੀਨ ਨੇ ਕੱਲ੍ਹ ਇਕ ਵਾਰ ਫਿਰ ਕਸ਼ਮੀਰ ਬਾਰੇ ਚਰਚਾ ਕੀਤੀ ਤੇ ਚੀਨ ਨੇ ਇਸ ਬਾਰੇ ਗੱਲਬਾਤ ਰਾਹੀਂ ਸਮੱਸਿਆ ਦੇ ਹੱਲ ਦੀ ਜ਼ਰੂਰਤ ਦੱਸੀ।

ਮਿਲੀ ਜਾਣਕਾਰੀ ਅਨੁਸਾਰ ਚੀਨ ਨੇ ਕਿਹਾ ਕਿ ਆਪਸੀ ਸਨਮਾਨ ਅਤੇ ਬਰਾਬਰੀ ਦੇ ਭਾਵ ਨਾਲ ਗੱਲਬਾਤ ਕਰਕੇ ਕਸ਼ਮੀਰ ਸਮੱਸਿਆ ਨੂੰ ਹੱਲ ਕੀਤਾ ਜਾਵੇ। ਇਸ ਮੌਕੇ ਚੀਨ ਨੇ ਆਪਣੇ ਸਦਾਬਹਾਰ ਦੋਸਤ ਪਾਕਿਸਤਾਨ ਦੀ ਖੁਦਮੁਖਤਾਰੀ ਤੇ ਖੇਤਰੀ ਅਖੰਡਤਾ ਦੀ ਪੂਰੀ ਹਮਾਇਤ ਦਾ ਭਰੋਸਾ ਦਿੱਤਾ। ਚੀਨੀ ਵਿਦੇਸ਼ ਮੰਤਰੀ ਵਾਂਗ ਈ ਦੀ ਦੋ ਦਿਨਾ ਪਾਕਿਸਤਾਨ ਯਾਤਰਾ ਪਿੱਛੋਂ ਜਾਰੀ ਪ੍ਰੈਸ ਨੋਟ 'ਚ ਦੱਸਿਆ ਗਿਆ ਕਿ ਦੋਵਾਂ ਦੇਸ਼ਾਂ ਦੇ ਸਦਾਬਹਾਰ ਸਬੰਧ ਕਿਸੇ ਵੀ ਖੇਤਰੀ ਜਾਂ ਕੌਮਾਂਤਰੀ ਸਥਿਤੀ ਤੋਂ ਪ੍ਰਭਾਵਿਤ ਨਹੀਂ ਹੋਣਗੇ। ਜੰਮੂ ਕਸ਼ਮੀਰ ਤੋਂ ਭਾਰਤ ਦੇ ਧਾਰਾ 370 ਹਟਾਉਣ ਤੋਂ ਬਾਅਦ ਪੈਦਾ ਤਣਾਅ ਚੱਲਣ ਦੇ ਦੌਰਾਨ ਵਿਦੇਸ਼ ਮੰਤਰੀ ਵਾਂਗ ਦੀ ਇਹ ਪਾਕਿ ਯਾਤਰਾ ਹੋਈ ਹੈ। ਪਾਕਿਸਤਾਨ ਭਾਰਤ ਸਰਕਾਰ ਦੇ ਫੈਸਲੇ ਨੂੰ ਮੰਨਣ ਲਈ ਤਿਆਰ ਨਹੀਂ ਤੇ ਉਸ ਨੇ ਸਰਹੱਦ ਉੱਤੇ ਫੌਜ ਤਾਇਨਾਤ ਕਰਕੇ ਤਣਾਅ ਵਧਾ ਰੱਖਿਆ ਹੈ। ਇਸ ਤੋਂ ਪਹਿਲਾਂ ਪੂਰੇ ਮਾਮਲੇ ਦੀ ਜਾਣਕਾਰੀ ਦੇ ਕੇ ਸਮਰਥਨ ਲੈਣ ਲਈ ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਚੀਨ ਦਾ ਦੌਰਾ ਕਰ ਚੁੱਕੇ ਹਨ। ਦੋਵਾਂ ਦੇਸ਼ਾਂ ਦੇ ਵਿਦੇਸ਼ ਮੰਤਰੀਆਂ ਨੇ ਗੱਲਬਾਤ 'ਚ ਮੰਨਿਆ ਕਿ ਸ਼ਾਂਤ, ਸਥਿਰ, ਸਹਿਯੋਗਾਤਮਕ ਤੇ ਸੰਪੰਨ ਦੱਖਣੀ ਏਸ਼ੀਆ ਸਾਰੇ ਸਬੰਧਤ ਦੇਸ਼ਾਂ ਦੇ ਹਿੱਤ 'ਚ ਹੈ। ਇਸ ਲਈ ਸਬੰਧਤ ਧਿਰਾਂ ਆਪਸੀ ਸਨਮਾਨ ਅਤੇ ਬਰਾਬਰੀ ਦੇ ਆਧਾਰ 'ਤੇ ਗੱਲਬਾਤ ਨਾਲ ਆਪਣੇ ਮਤਭੇਦ ਮਿਟਾਉਣ।

# ਹਾਂਗ ਕਾਂਗ ਦੇ ਲੋਕਾਂ ਨੇ ਆਜ਼ਾਦੀ ਲਈ ਟਰੰਪ ਤੋਂ ਮਦਦ ਮੰਗੀ

ਹਾਂਗ ਕਾਂਗ, 9 ਸਤੰਬਰ (ਪੋਸਟ ਬਿਊਰੋ)- ਹਾਂਗ ਕਾਂਗ ਦੇ ਅੰਦੋਲਨ 'ਚ ਕੱਲ੍ਹ ਓਦੋਂ ਇੱਕ ਨਵਾਂ ਚੈਪਟਰ ਜੁੜ ਗਿਆ, ਜਦੋਂ ਹਜ਼ਾਰਾਂ ਮੁਜ਼ਾਹਰਾਕਾਰੀਆਂ ਨੇ ਅਮਰੀਕੀ ਰਾਸ਼ਟਰ ਗਾਨ (ਸਟਾਰ ਸਪੈਂਜਲਡ ਬੈਨਰ) ਗਾਉਂਦੇ ਹੋਏ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਆਪਣੀ ਆਜ਼ਾਦੀ ਲਈ ਮਦਦ ਦੀ ਮੰਗ ਕੀਤੀ ਤੇ ਕਿਹਾ ਕਿ ਚੀਨੀ ਸੱਤਾ ਤੋਂ ਮੁਕਤੀ ਦਿਵਾਓ। ਇਸ ਪਿੱਛੋਂ ਪੁਲਸ ਨੇ ਜਦੋਂ ਉਨ੍ਹਾਂ ਨੂੰ ਰੋਕਿਆ ਤਾਂ ਮਹਾਨਗਰ ਦੇ ਕਈ ਇਲਾਕਿਆਂ 'ਚ ਟਕਰਾਅ ਸ਼ੁਰੂ ਹੋ ਗਿਆ।



ਵਰਨਣ ਯੋਗ ਹੈ ਕਿ ਅਮਰੀਕਾ ਨੇ ਚੀਨ ਨੂੰ ਹਾਂਗ ਕਾਂਗ ਦੇ ਅੰਦੋਲਨ ਨਾਲ ਨਜਿੱਠਣ 'ਚ ਸੰਜਮ ਦੀ ਅਪੀਲ ਕੀਤੀ ਹੈ। ਚੀਨ ਨੇ ਇਸ ਨੂੰ ਆਪਣਾ ਅੰਦਰੂਨੀ ਮਾਮਲਾ ਦੱਸ ਕੇ ਵਿਚੋਲਗੀ ਦੀ ਕਿਸੇ ਸੰਭਾਵਨਾ ਤੋਂ ਇਨਕਾਰ ਕੀਤਾ ਹੈ। ਉਸ ਨੇ ਅਮਰੀਕਾ ਤੇ ਬ੍ਰਿਟੇਨ ਨੂੰ ਹਾਂਗ ਕਾਂਗ ਦੀ ਗੜਬੜ ਲਈ ਜ਼ਿੰਮੇਵਾਰ ਠਹਿਰਾਇਆ ਹੈ। ਹਾਂਗ ਕਾਂਗ ਵਿੱਚ ਕੱਲ੍ਹ ਅੰਦੋਲਨ ਦੀ ਸ਼ੁਰੂਆਤ ਸ਼ਾਂਤਮਈ ਢੰਗ ਨਾਲ ਹੋਈ। ਧੁੱਪ ਵਿੱਚ ਛੱਤਰੀਆਂ ਤਾਣ ਕੇ ਹੱਥ 'ਚ ਲੋਕਤੰਤਰੀ ਮੰਗਾਂ ਦੇ ਕਾਰਡ ਫੜੀ ਨੌਜਵਾਨ ਹੌਲੀ-ਹੌਲੀ ਅੱਗੇ ਵਧਦੇ ਰਹੇ। ਇਸ ਤੋਂ ਬਾਅਦ ਬੈਰੀਕੇਡਿੰਗ ਅਤੇ ਸੜਕਾਂ ਕੰਢੇ ਦੀਆਂ ਇਮਾਰਤਾਂ ਦੀਆਂ ਖਿੜਕੀਆਂ ਦੀ ਤੋੜ ਭੰਨ ਸ਼ੁਰੂ ਹੋ ਗਈ। ਪੁਲਸ ਨੇ ਹਿੰਸਕ ਅੰਦੋਲਨਕਾਰੀਆਂ ਨੂੰ ਰੋਕਣ ਲਈ ਜਦੋਂ ਤਾਕਤ ਦੀ ਵਰਤੋਂ ਕੀਤੀ ਤਾਂ ਜਵਾਬ ਵਿੱਚ ਪਥਰਾਅ ਸ਼ੁਰੂ ਹੋ ਗਿਆ ਅਤੇ ਇਹ ਸਿਲਸਿਲਾ ਕਈ ਘੰਟੇ ਚੱਲਿਆ। ਇਸ ਦੌਰਾਨ ਨੌਜਵਾਨ ਅੰਦੋਲਨਕਾਰੀ ਰਹਿ ਰਹਿ ਕੇ ਆਜ਼ਾਦੀ ਦੀ ਮੰਗ ਲਈ ਸੰਘਰਸ਼ ਦੇ ਨਾਅਰੇ ਲਾਉਂਦੇ ਰਹੇ। ਅਮਰੀਕੀ ਵਪਾਰ ਕੌਂਸਲੇਟ ਨੇੜੇ ਪਹੁੰਚ ਕੇ ਉਨ੍ਹਾਂ ਨੇ ਚੀਨ ਨੂੰ ਰੋਕਣ ਅਤੇ ਹਾਂਗ ਕਾਂਗ ਨੂੰ ਆਜ਼ਾਦੀ ਦਿਵਾਉਣ ਦੇ ਨਾਅਰੇ ਲਾਏ। ਪੁਲਸ ਨੇ ਕਈ ਅੰਦੋਲਨਕਾਰੀਆਂ ਨੂੰ ਗ੍ਰਿਫਤਾਰ ਕੀਤਾ ਹੈ। ਅਮਰੀਕੀ ਰੱਖਿਆ ਮੰਤਰੀ ਮਾਰਕ ਐਸਪਰ ਨੇ ਹਾਂਗ ਕਾਂਗ ਦੇ ਅੰਦੋਲਨ ਨਾਲ ਨਜਿੱਠਣ ਵਿੱਚ ਚੀਨ ਨੂੰ ਸੰਜਮ ਵਰਤਣ ਦੀ ਅਪੀਲ ਕੀਤੀ ਹੈ। ਬੀਤੇ ਅਗਸਤ ਵਿੱਚ ਰਾਸ਼ਟਰਪਤੀ ਟਰੰਪ ਨੇ ਚੀਨ ਨੂੰ ਹਾਂਗ ਕਾਂਗ ਦੀ ਸਮੱਸਿਆ ਮਨੁੱਖੀ ਤਰੀਕੇ ਨਾਲ ਹੱਲ ਕਰਨ ਦੀ ਸਲਾਹ ਦਿੱਤੀ ਸੀ।

ਸੰਨ 1997 ਤੱਕ ਬ੍ਰਿਟੇਨ ਦੇ ਅਧੀਨ ਰਿਹਾ ਹਾਂਗ ਕਾਂਗ ਇਸ ਸ਼ਰਤ ਨਾਲ ਚੀਨ ਨੂੰ ਦਿੱਤਾ ਗਿਆ ਸੀ ਕਿ ਏਥੋਂ ਦੇ ਨਾਗਰਿਕਾਂ ਦੇ ਲੋਕਤੰਤਰੀ ਅਧਿਕਾਰ ਬਣੇ ਰਹਿਣਗੇ। ਚੀਨ ਨੇ ਹਾਂਗ ਕਾਂਗ ਨੂੰ ਖੁਦਮੁਖਤਾਰੀ ਦਿੱਤੀ, ਪਰ ਅਧਿਕਾਰਾਂ 'ਚ ਹੌਲੀ-ਹੌਲੀ ਕਟੌਤੀ ਕਰ ਦਿੱਤੀ। ਇਸ ਨਾਲ ਹਾਂਗ ਕਾਂਗ ਵਾਸੀਆਂ ਨੂੰ ਲੱਗਣ ਲੱਗਾ ਕਿ ਇਕ ਦਿਨ ਉਨ੍ਹਾਂ ਦੀ ਖੁਦਮੁਖਤਾਰੀ ਪੂਰੀ ਤਰ੍ਹਾਂ ਖਤਮ ਹੋ ਜਾਵੇਗੀ। ਇਸ ਤੋਂ ਬਾਅਦ ਉਥੇ ਲੋਕਤੰਤਰ ਦੀ ਮੰਗ ਨੂੰ ਲੈ ਕੇ ਅੰਦੋਲਨ ਸ਼ੁਰੂ ਹੋਇਆ।

# ਵਾਸ਼ਿੰਗਟਨ ਪੋਸਟ ਦੇ ਖਿਲਾਫ ਕਸ਼ਮੀਰੀ ਪੰਡਤਾਂ ਵੱਲੋਂ ਮੁਜ਼ਾਹਰਾ




ਵਾਸ਼ਿੰਗਟਨ, 9 ਸਤੰਬਰ (ਪੋਸਟ ਬਿਊਰੋ)- ਅਮਰੀਕਾ 'ਚ ਕਸ਼ਮੀਰੀ ਪੰਡਤਾਂ ਦੇ ਇਕ ਗਰੁੱਪ ਨੇ ਜੰਮੂ ਕਸ਼ਮੀਰ ਵਿੱਚ ਪਿਛਲੇ ਦਿਨਾਂ ਦੀਆਂ ਘਟਨਾਵਾਂ ਬਾਰੇ ਇਕਪਾਸੜ ਖਬਰਾਂ' ਛਾਪਣ ਦੇ ਖਿਲਾਫ ਕੱਲ੍ਹ ਅਖਬਾਰ 'ਦਿ ਵਾਸ਼ਿੰਗਟਨ ਪੋਸਟ' ਦੇ ਦਫਤਰ ਅੱਗੇ ਮੁਜ਼ਾਹਰਾ ਕੀਤਾ। ਅਖਬਾਰ ਨੇ ਕਸ਼ਮੀਰ 'ਤੇ ਆਪਣੀ ਕਵਰੇਜ ਨੂੰ 'ਨਿਰਪੱਖ, ਸਟੀਕ ਤੇ ਵਿਆਪਕ' ਦੱਸਦੇ ਹੋਏ ਇਸ ਦਾ ਬਚਾਅ ਕੀਤਾ ਹੈ। ਇਹ ਮੁਜ਼ਾਹਰਾ ਗਲੋਬਲ ਕਸ਼ਮੀਰੀ ਪੰਡਤ ਡਾਇਸਪੋਰਾ ਨੇ ਕੀਤਾ ਹੈ।

ਇਸ ਦੌਰਾਨ ਮੁਜ਼ਾਹਰਾ ਕਰਨ ਵਾਲਿਆਂ ਨੇ ਦੋਸ਼ ਲਾਇਆ ਕਿ ਜੰਮੂ ਕਸ਼ਮੀਰ ਤੋਂ ਧਾਰਾ 370 ਹਟਾਉਣ ਉਤੇ ਇਸ ਨੂੰ ਦੋ ਕੇਂਦਰ ਸ਼ਾਸਿਤ ਰਾਜਾਂ 'ਚ ਵੰਡਣ ਤੋਂ ਬਾਅਦ ਇਹ ਅਮਰੀਕੀ ਅਖਬਾਰ 'ਇਕਪਾਸੜ ਤੇ ਵਿਤਕਰੇ ਵਾਲੀਆਂ ਖਬਰਾਂ' ਦੇ ਰਿਹਾ ਹੈ। ਗਲੋਬਲ ਕਸ਼ਮੀਰੀ ਪੰਡਤ ਡਾਇਰਸਪੋਰਾ ਨੇ ਵਾਸ਼ਿੰਗਟਨ ਪੋਸਟ ਨੂੰ ਦਿੱਤੇ ਮੰਗ ਪੱਤਰ 'ਚ ਕਿਹਾ, 'ਜੰਮੂ ਕਸ਼ਮੀਰ 'ਚ ਧਾਰਾ 370 ਅਤੇ ਧਾਰਾ 35 ਏ ਕਾਰਨ ਤੁਹਾਡੀਆਂ ਖਬਰਾਂ 'ਚ ਹੋਈ ਕਾਨੂੰਨੀ ਅਰਾਜਕਤਾ ਦਾ ਜ਼ਿਕਰ ਨਹੀਂ ਹੈ।' ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਤੋਂ ਵਾਸ਼ਿੰਗਟਨ 'ਚ ਆਏ ਕਸ਼ਮੀਰੀ ਪੰਡਤਾਂ ਨੇ ਇਸ ਸਾਹਸੀ ਅਤੇ ਇਤਿਹਾਸਕ ਕਦਮ ਚੁੱਕਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਹਮਾਇਤ ਵਿੱਚ ਨਾਅਰੇ ਵੀ ਲਾਏ। ਮੁਜ਼ਾਹਰੇ ਦੇ ਪ੍ਰਬੰਧਕ ਨੇ ਕਿਹਾ ਕਿ ਵਾਸ਼ਿੰਗਟਨ ਪੋਸਟ ਦੀਆਂ ਖਬਰਾਂ 'ਚ ਕਿਤੇ ਇਹ ਜ਼ਿਕਰ ਨਹੀਂ ਕੀਤਾ ਗਿਆ ਕਿ ਇਸੇ ਸੂਬੇ 'ਚ ਕਸ਼ਮੀਰੀ ਪੰਡਤਾਂ ਦਾ ਸਭ ਤੋਂ ਵੱਧ ਕਤਲੇਆਮ ਹੋਣ ਕਾਰਨ ਉਨ੍ਹਾਂ ਨੂੰ ਜਲਾਵਤਨ ਹੋਣਾ ਪਿਆ। ਰੈਲੀ ਦੇ ਮੁੱਖ ਸੰਯੋਜਕ ਮੋਹਨ ਸਪਰੂ ਨੇ ਕਿਹਾ, 'ਵਾਸ਼ਿੰਗਟਨ ਪੋਸਟ ਦੀ ਪੱਖਪਾਤੀ ਰਿਪੋਰਟਿੰਗ 'ਚ ਇਹ ਸੱਚ ਨਜ਼ਰ ਅੰਦਾਜ਼ ਕੀਤਾ ਗਿਆ ਕਿ ਧਾਰਾ 370 ਅਤੇ 35ਏ ਦੇ ਕਾਰਨ ਘੱਟ ਗਿਣਤੀਆਂ, ਔਰਤਾਂ ਅਤੇ ਸਮਾਜ ਦੇ ਕਮਜ਼ੋਰ ਵਰਗ ਦੇ ਲੋਕ ਲੋਕਤੰਤਰੀ ਅਧਿਕਾਰਾਂ ਤੋਂ ਵਾਂਝੇ ਰਹੇ ਜਦ ਕਿ ਕਸ਼ਮੀਰ ਘਾਟੀ ਕਾਬੂ ਤੋਂ ਬਾਹਰ ਭ੍ਰਿਸ਼ਟਾਚਾਰ, ਵੱਖਵਾਦ ਦੀ ਜ਼ਮੀਨ ਬਣਦੀ ਗਈ।

ਜਿੱਥੇ ਕਸ਼ਮੀਰੀ ਪੰਡਤ ਮੁਜ਼ਾਹਰਾ ਕਰ ਰਹੇ ਸਨ, ਉਥੇ ਪਾਕਿਸਤਾਨੀ ਅਮਰੀਕੀਆਂ, ਵੱਖਵਾਦੀ ਕਸ਼ਮੀਰੀਆਂ ਅਤੇ ਖਾਲਿਸਤਾਨ ਸਮਰਥਕ ਗਰੁੱਪ ਨੇ ਵਾਸ਼ਿੰਗਟਨ ਪੋਸਟ ਦੀ ਹਮਾਇਤ 'ਚ ਪ੍ਰਦਰਸ਼ਨ ਕੀਤਾ। ਕੁਝ ਪਾਕਿਸਤਾਨੀ ਸਮਰਥਕ ਲੋਕਾਂ ਨੇ ਭਾਰਤੀ ਪੱਤਰਕਾਰਾਂ ਨੂੰ ਉਨ੍ਹਾਂ ਦੇ ਮੁਜ਼ਾਹਰੇ ਨੂੰ ਕਵਰ ਕਰਨ ਤੋਂ ਰੋਕਿਆ। ਇਸ ਦੌਰਾਨ ਅਮਰੀਕੀ ਮੁਸਲਮਾਨਾਂ ਦੇ ਇਕ ਗਰੁੱਪ ਨੇ ਵਾਸ਼ਿੰਗਟਨ 'ਚ ਭਾਰਤੀ ਦੂਤਘਰ ਸਾਹਮਣੇ ਵੀ ਮੁਜ਼ਾਹਰਾ ਕੀਤਾ।

# ਲੰਮੀ ਉਮਰ ਚਾਹੁੰਦੇ ਹੋ ਤਾਂ ਬੈਠੋ ਘੱਟ, ਚੱਲੋ-ਫਿਰੋ ਜ਼ਿਆਦਾ

ਲੰਡਨ, 9 ਸਤੰਬਰ (ਪੋਸਟ ਬਿਊਰੋ)- ਇੱਕ ਰਿਸਰਚ ਵਿੱਚ ਸਾਹਮਣੇ ਆਇਆ ਹੈ ਕਿ ਇੱਕ ਦਿਨ 'ਚ ਸਾਢੇ ਨੌਂ ਘੰਟੇ ਤੋਂ ਵੱਧ ਬੈਠੇ ਰਹਿਣਾ ਤੁਹਾਡੇ ਲਈ ਮੌਤ ਦੇ ਖਤਰੇ ਨੂੰ ਵਧਾਉਂਦਾ ਹੈ। ਅਜਿਹੇ 'ਚ ਜ਼ਰੂਰੀ ਨਹੀਂ ਕਿ ਤੁਸੀਂ ਜਿਮ ਜਾਓ ਸਿਰਫ ਐਕਟਿਵ ਰਹਿਣ ਨਾਲ ਮੌਤ ਦਾ ਖਤਰਾ ਘੱਟ ਹੁੰਦਾ ਹੈ।

ਬ੍ਰਿਟਿਸ਼ ਮੈਡੀਕਲ ਜਨਰਲ ਵਿੱਚ ਛਪੀ ਨਵੀਂ ਸਟੱਡੀ ਮੁਤਾਬਕ ਇੱਕ ਦਿਨ ਵਿੱਚ ਸਾਢੇ ਨੌਂ ਘੰਟੇ ਤੋਂ ਵੱਧ ਬੈਠਣਾ ਮੌਤ ਦੇ ਖਤਰੇ ਨੂੰ ਵਧਾਉਣਾ ਹੈ। ਫਿਜ਼ੀਕਲ ਐਕਟੀਵਿਟੀ ਨੂੰ ਲੰਮੀ ਉਮਰ ਨਾਲ ਜੋੜ ਕੇ ਪਹਿਲਾਂ ਵੀ ਕਈ ਵਾਰ ਦੇਖਿਆ ਗਿਆ ਹੈ, ਪਰ ਇਸ ਰਿਸਰਚ ਵਿੱਚ ਇਸ ਦੀ ਇੰਟੈਸਿਟੀ ਨੂੰ ਦੇਖਿਆ ਗਿਆ। ਇਸ ਵਿੱਚ ਹਲਕੀ ਫੁਲਕੀ ਐਕਟੀਵਿਟੀਜ਼ ਜਿਵੇਂ ਘੁੰਮਣਾ, ਭੋਜਨ ਬਣਾਉਣਾ, ਭਾਂਡੇ ਧੋਣਾ, ਕਲੀਨਿੰਗ, ਜਾਗਿੰਗ, ਭਾਰੀ ਸਾਮਾਨ ਚੁੱਕਣਾ ਦੀ ਇੰਟੈਂਸ ਐਕਟੀਵਿਟੀਜ਼ ਦੀ ਤੁਲਨਾ ਕੀਤੀ ਗਈ। ਐਕਸਰਸਾਈਜ਼ ਵਿੱਚ ਵਾਕਿੰਗ ਸਭ ਤੋਂ ਚੰਗੀ ਅਤੇ ਆਸਾਨ ਐਕਸਰਸਾਈਜ਼ ਹੈ। ਵਾਕਿੰਗ ਦਾ ਮਤਲਬ ਚੱਲਣਾ। ਇੱਕ ਤਾਂ ਉਹ ਫ੍ਰੀ ਹੈ, ਇਸ ਲਈ ਤੁਹਾਨੂੰ ਕਿਸੇ ਤਰ੍ਹਾਂ ਦੇ ਸਾਜ਼ੋ ਸਾਮਾਨ ਜਾਂ ਪਾਰਟਨਰ ਦੀ ਲੋੜ ਨਹੀਂ ਹੁੰਦੀ ਤੇ ਇਸਨੂੰ ਤੁਸੀਂ ਦਿਨ ਜਾਂ ਰਾਤ ਕਿਸੇ ਵੀ ਸਮੇਂ ਕਰ ਸਕਦੇ ਹੋ। ਕਈ ਖੋਜਾਂ 'ਚ ਇਹ ਗੱਲ ਸਾਹਮਣੇ ਆਈ ਹੈ ਕਿ ਸਾਨੂੰ ਹਰ ਦਿਨ ਘੱਟ ਤੋਂ ਘੱਟ 10000 ਕਦਮ ਜ਼ਰੂਰ ਚੱਲਣਾ ਚਾਹੀਦੈ ਤੇ ਤੁਸੀਂ ਚਾਹੋ ਤਾਂ ਅਜਿਹੇ ਕਈ ਐਪਸ ਵੀ ਹਨ, ਜੋ ਤੁਹਾਡੇ ਇਨ੍ਹਾਂ ਕਦਮਾਂ ਦਾ ਰਿਕਾਰਡ ਰੱਖਣ ਵਿੱਚ ਤੁਹਾਡੀ ਮਦਦ ਕਰ ਸਕਦੇ ਹਨ। ਹਾਲਾਂਕਿ ਦੁਨੀਆ ਭਰ ਦੇ ਲੋਕਾਂ ਦਾ ਹਰ ਦਿਨ ਚੱਲਣ ਦਾ ਔਸਤ ਸਿਰਫ 5000 ਕਦਮ ਹੀ ਹੈ। ਜਾਪਾਨ ਦੇ ਲੋਕ ਦੁਨੀਆ ਵਿੱਚ ਸਭ ਤੋਂ ਵੱਧ ਐਕਟਿਵ ਮੰਨੇ ਜਾਂਦੇ ਹਨ ਕਿਉਂਕਿ ਉਹ ਹਰ ਦਿਨ 10241 ਕਦਮ ਚੱਲਦੇ ਹਨ। ਅਜਿਹੇ ਵਿੱਚ ਜੇ ਤੁਸੀਂ ਹਰ ਦਿਨ 10000 ਕਦਮ ਨਹੀਂ ਚੱਲ ਸਕਦੇ ਤਾਂ ਘੱਟ ਤੋਂ ਘੱਟ 7500 ਕਦਮ ਜ਼ਰੂਰ ਚੱਲੋ ਕਿਉਂਕਿ ਚੱਲਣਾ ਸਿਹਤ ਲਈ ਬੇਹੱਦ ਜ਼ਰੂਰੀ ਹੈ।

ਇਸ ਲਈ ਹਾਰਵਰਡ ਯੂਨੀਵਰਸਿਟੀ ਵਿੱਚ ਇੱਕ ਰਿਸਰਚ ਹੋਈ ਸੀ, ਜਿਸ ਵਿੱਚ ਇਹ ਗੱਲ ਸਾਹਮਣੇ ਆਈ ਕਿ ਹਰ ਦਿਨ 200 ਕਦਮ ਐਕਸਟਰਾ ਚੱਲਣ ਨਾਲ ਦਿਲ ਨਾਲ ਜੁੜੀਆਂ ਬਿਮਾਰੀਆਂ ਹੋਣ ਦਾ ਖਤਰਾ 10 ਫੀਸਦੀ ਘੱਟ ਹੋ ਜਾਂਦਾ ਹੈ ਅਤੇ ਡਾਇਬਟੀਜ਼ ਦਾ ਖਤਰਾ 5.5 ਫੀਸਦੀ ਤੱਕ ਘੱਟ ਹੋ ਜਾਂਦਾ ਹੈ। ਨਾਲ ਹਰ ਦਿਨ 1000 ਕਦਮ ਐਕਸਟਰਾ ਚੱਲਣ ਨਾਲ ਮੌਤ ਦਾ ਖਤਰਾ ਵੀ ਛੇ ਫੀਸਦੀ ਘੱਟ ਜਾਂਦਾ ਹੈ। ਜੇ ਤੁਸੀਂ ਹੈਲਦੀ ਰਹਿਣਾ ਚਾਹੁੰਦੇ ਹੋ ਤਾਂ ਹਫਤੇ ਵਿੱਚ ਪੰਜ ਦਿਨ ਅਤੇ ਹਰ ਦਿਨ 45 ਮਿੰਟ ਦੀ ਵਾਕ ਜ਼ਰੂਰ ਕਰੋ। ਵਾਕ ਕਰਨ ਨਾਲ ਕੈਂਸਰ, ਹਾਰਟ ਡਿਜੀਜ਼ ਅਤੇ ਡਾਇਬਟੀਜ਼ ਵਰਗੀਆਂ ਬਿਮਾਰੀਆਂ ਦਾ ਖਤਰਾ ਕਈ ਗੁਣਾ ਘੱਟ ਹੋ ਜਾਂਦਾ ਹੈ, ਨਾਲ ਹੀ ਵਾਕ ਕਰਨ ਨਾਲ ਤੁਹਾਨੂੰ ਚੰਗੀ ਨੀਂਦ ਵੀ ਆਉਂਦੀ ਹੈ। ਹਾਲਾਂਕਿ ਸੌਣ ਤੋਂ ਠੀਕ ਪਹਿਲਾਂ ਬਹੁਤ ਵੱਧ ਵਾਕ ਕਰਨਾ ਸਹੀ ਨਹੀਂ ਮੰਨਿਆ ਜਾਂਦਾ। ਵਾਕਿੰਗ ਬੀ ਪੀ ਨੂੰ ਕੰਟਰੋਲ ਕਰਨ 'ਚ ਵੀ ਮਦਦ ਕਰਦੀ ਹੈ। ਵਾਕ ਕਰਨ ਨਾਲ ਸਿਰਫ ਤੁਹਾਡਾ ਭਾਰ ਕੰਟਰੋਲ ਵਿੱਚ ਰਹਿੰਦਾ ਹੈ ਸਗੋਂ ਹਾਈ ਬਲੱਡ ਪ੍ਰੈਸ਼ਰ ਨੂੰ ਘੱਟ ਕਰਨ ਵਿੱਚ ਵੀ ਮਦਦ ਮਿਲਦੀ ਹੈ। ਵਾਕ ਕਰਨ ਨਾਲ ਤੁਹਾਡਾ ਐਨਰਜੀ ਲੈਵਲ ਬਿਹਤਰ ਬਣਦਾ ਹੈ, ਤੁਸੀਂ ਐਕਟਿਵ ਬਣੇ ਰਹਿੰਦੇ ਹੋ ਅਤੇ ਲੰਬੇ ਸਮੇਂ ਵਿੱਚ ਤੁਹਾਨੂੰ ਜਲਦੀ ਥਕਾਵਟ ਮਹਿਸੂਸ ਨਹੀਂ ਹੁੰਦੀ ਹੈ।

# ਨਾਸਾ ਨੇ ਕਿਹਾ ਕਿ ਇਸਰੋ ਨਾਲ ਮਿਲ ਕੇ ਕੰਮ ਕਰਾਂਗੇ

ਵਾਸ਼ਿੰਗਟਨ, 9 ਸਤੰਬਰ (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਭਾਰਤ ਦੇ ਇਤਿਹਾਸਕ ਚੰਦਰਯਾਨ-2 ਮਿਸ਼ਨ ਦੀ ਸ਼ਲਾਘਾ ਕੀਤੀ ਤੇ ਕਿਹਾ ਕਿ ਇਸਰੋ ਦੇ ਲੈਂਡਰ ਵਿਕਰਮ ਨੂੰ ਚੰਦਰਮਾ ਦੇ ਦੱਖਣੀ ਧਰੁਵ 'ਤੇ ਸਾਫਟ ਲੈਂਡਿੰਗ ਦੇ ਯਤਨ ਨੇ ਸਾਨੂੰ ਪ੍ਰੇਰਿਤ ਕੀਤਾ ਹੈ ਤੇ ਅਸੀਂ ਇਸਰੋ ਨਾਲ ਮਿਲ ਕੇ ਸੂਰਜੀ ਪ੍ਰਣਾਲੀ ਦੀ ਖੋਜ ਚਾਹੁੰਦੇ ਹਾਂ।

ਨਾਸਾ ਨੇ ਟਵੀਟ ਕੀਤਾ, 'ਪੁਲਾੜ ਗੁੰਝਲਦਾਰ ਹੈ। ਅਸੀਂ ਚੰਦਰਯਾਨ-2 ਮਿਸ਼ਨ ਤਹਿਤ ਚੰਦਰਮਾ ਦੇ ਦੱਖਣੀ ਧਰੁਵ 'ਤੇ ਉਤਾਰਨ ਦੀ ਇਸਰੋ ਦੀ ਕੋਸ਼ਿਸ਼ ਦੀ ਸ਼ਲਾਘਾ ਕਰਦੇ ਹਾਂ। ਤੁਸੀਂ ਆਪਣੀ ਯਾਤਰਾ ਤੋਂ ਸਾਨੂੰ ਪ੍ਰੇਰਿਤ ਕੀਤਾ ਹੈ ਤੇ ਅਸੀਂ ਸਾਡੀ ਸੂਰਜੀ ਪ੍ਰਣਾਲੀ 'ਤੇ ਮਿਲ ਕੇ ਖੋਜ ਕਰਨ ਦੇ ਭਵਿੱਖ ਦੇ ਮੌਕਿਆਂ ਬਾਰੇ ਉਤਸ਼ਾਹਿਤ ਹਾਂ।' ਨਾਸਾ ਦੇ ਸਾਬਕਾ ਪੁਲਾੜ ਯਾਤਰੀ ਜੈਰੀ ਲੇਨਿੰਗਰ ਨੇ ਕਿਹਾ ਕਿ ਚੰਦਰਯਾਨ-2 ਮਿਸ਼ਨ ਹੇਠ ਵਿਕਰਮ ਲੈਂਡਰ ਦੀ ਚੰਦਰਮਾ ਉਤੇ ਸਾਫਟ ਲੈਂਡਿੰਗ ਕਰਾਉਣ ਦੀ ਭਾਰਤ ਦੀ 'ਸਾਹਸੀ ਕੋਸ਼ਿਸ਼' ਤੋਂ ਮਿਲਿਆ ਅਨੁਭਵ ਭਵਿੱਖ ਦੇ ਮਿਸ਼ਨ ਵਿੱਚ ਮਦਦਗਾਰ ਹੋਵੇਗਾ। ਲਿਨੇਂਗਰ ਨੇ ਕਿਹਾ ਕਿ ਭਾਰਤ ਕੁਝ ਅਜਿਹਾ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ ਜੋ ਬਹੁਤ ਹੀ ਮੁਸ਼ਕਲ ਹੈ।


FIRST CHOICE FINANCIAL LIMITED
TRUCK LOANS
ਟੱਰਕ ਲੋਨ ਅਪਰੂਵਲ ਸਿੱਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟੱਰਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada
For more Information Contact
Rajdeep: 647.707.4167
Office: 905.678.2424



MICHELIN Hankook Continental ROADLUX BFGoodrich AEOLUS COMPASAL

Chevron Delo
Special OIL CHANGE Rates
BEST TRUCK REPAIR & TIRE CENTRE
We also Specialize in Engine, AC, Transmission, Differential Rebuild, Safety Inspection & All Kinds of Electric Work
ਕਾਰਾਂ ਤੇ ਟਰਕਾਂ ਦੀ ਸਸਤੀ ਏ-ਸੀ ਰਿਪੇਅਰ। ਟੱਰਕਾਂ ਦੇ ਟਾਇਰਾਂ ਤੇ ਭਾਰੀ ਸੇਲ
SPECIAL ON TRUCK ALIGNMENT BRAND NEW MACHINES 2018
Brake & Drum -Made in U.S - On Special Sale!
Special Sale 4 CAT Batteries $550 with Installation
Special Sale on Smartway Approved Tires $245 each
www.besttruckrepairandtire.ca | Email: ranjitbesttruck@yahoo.ca
7 ਦਿਨ ਖੁੱਲਾ
Spring Sale
1715 Sismet Rd, Mississauga | Call Ranjit: 416.624.8351 | Tel: 905.625.0055

# ਪਿੰਡ ਸ਼ੇਰ ਖਾਂ ਵਿੱਚ ਦਲਿਤਾਂ ਤੇ ਜ਼ਿਮੀਂਦਾਰਾਂ ਵਿਚਾਲੇ ਹਿੰਸਕ ਝੜਪ



ਫਿਰੋਜ਼ਪੁਰ, 9 ਸਤੰਬਰ (ਪੋਸਟ ਬਿਊਰੋ)- ਇਸ ਜ਼ਿਲੇ ਦੇ ਪਿੰਡ ਸ਼ੇਰ ਖਾਂ ਵਿੱਚ ਕੱਲ੍ਹ ਦੇਰ ਰਾਤ ਦਲਿਤਾਂ ਅਤੇ ਜ਼ਿਮੀਂਦਾਰਾਂ ਵਿਚਾਲੇ ਹੋਈ ਖ਼ੂਨੀ ਝੜਪ ਵਿੱਚ ਕਰੀਬ ਇਕ ਦਰਜਨ ਵਿਅਕਤੀ ਜ਼ਖਮੀ ਹੋ ਗਏ। ਦੋਵਾਂ ਧਿਰਾਂ ਵੱਲੋਂ ਡਾਂਗਾਂ ਸੋਟਿਆਂ ਤੋਂ ਇਲਾਵਾ ਤੇਜ਼ਧਾਰ ਹਥਿਆਰਾਂ ਦੀ ਵਰਤੋਂ ਕੀਤੀ ਤੇ ਗੋਲੀਆਂ ਵੀ ਚੱਲੀਆਂ ਹਨ। ਦਲਿਤ ਧਿਰ ਦੇ ਅੱਧੀ ਦਰਜਨ ਜ਼ਖਮੀਆਂ ਨੂੰ ਫਿਰੋਜ਼ਪੁਰ ਦੇ ਸਿਵਲ ਹਸਪਤਾਲ ਦਾਖਲ ਕਰਵਾਇਆ ਗਿਆ ਹੈ, ਜਿਨ੍ਹ ਵਿੱਚ ਅਰਜੁਨ (25), ਕਰਨ (22), ਵਾਰਸ (12), ਅਮਰੀਕ ਸਿੰਘ (45), ਮਨਜੀਤ ਕੌਰ (32) ਅਤੇ ਹਰਜੀਤ ਸਿੰਘ (16) ਸ਼ਾਮਲ ਹਨ। ਥਾਣਾ ਕੁਲਗੜੀ ਪੁਲਸ ਵੱਲੋਂ ਦੋਵਾਂ ਧਿਰਾਂ ਦੇ ਬਿਆਨ ਦਰਜ ਕਰਕੇ ਕਾਰਵਾਈ ਕੀਤੀ ਜਾ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਬੀਤੇ ਦਿਨੀਂ ਵਾਲਮੀਕਿ ਧਰਮ ਸਮਾਜ ਦੇ ਕਾਰਕੁਨਾਂ ਵੱਲੋਂ ਪੰਜਾਬ ਬੰਦ ਦੇ ਸੱਦੇ ਉਤੇ ਰੋਸ ਪ੍ਰਦਰਸ਼ਨ ਕੀਤਾ ਗਿਆ ਤਾਂ ਇਸ ਪਿੰਡ ਦੇ ਵਾਲਮੀਕਿ ਭਾਈਚਾਰੇ ਦੇ ਲੋਕਾਂ ਨੇ ਦੋ ਘੰਟੇ ਲਈ ਪਿੰਡ ਦੀਆਂ ਦੁਕਾਨਾਂ ਬੰਦ ਕਰਵਾ ਕੇ ਮੇਨ-ਰੋਡ ਨੂੰ ਬੰਦ ਕਰਵ-ਾਇਆ ਸੀ। ਇਸ ਦੌਰਾਨ ਪਿੰਡ ਦਾ ਕਾਂਗਰਸੀ ਸਰਪੰਚ ਗੁਰਨਾਮ ਸਿੰਘ ਆਪਣੇ ਭਤੀਜੇ ਚਰਨਜੀਤ ਉਰਫ ਚੰਨਾ ਨਾਲ ਉਥੋਂ ਲੰਘਿਆ ਤਾਂ ਪ੍ਰਦਰਸ਼ਨ ਕਰਦੇ ਕੁਝ ਲੋਕਾਂ ਨਾਲ ਉਸ ਦੀ ਬਹਿਸ ਹੋ ਗਈ ਸੀ। ਇਸ ਬਾਰੇ ਦਲਿਤ ਧਿਰ ਦੇ ਇਕ ਵਿਅਕਤੀ ਦੇ ਦੱਸਣ ਮੁਤਾਬਕ ਸ਼ਾਮ ਨੂੰ ਚਰਨਜੀਤ ਨੇ ਆਪਣੇ ਸਾਥੀਆਂ ਨਾਲ ਮਿਲ ਕੇ ਕਰਨ ਨਾਂਅ ਦੇ ਨੌਜਵਾਨ ਨੂੰ ਘੇਰ ਲਿਆ ਤੇ ਉਸ ਦੀ ਕੁੱਟਮਾਰ ਕੀਤੀ ਜਿਸ ਤੋਂ ਮਾਮਲਾ ਵਿਗੜ ਗਿਆ ਤੇ ਦੋਵਾਂ ਧਿਰਾਂ ਦੀ ਹਿੰਸਕ ਝੜਪ ਹੋ ਗਈ। ਇਸ ਝੜਪ ਵਿੱਚ ਸਰਪੰਚ ਧਿਰ ਦੇ ਕੁਝ ਲੋਕ ਵੀ ਜ਼ਖਮੀ ਹੋਏ ਹਨ, ਜੋ ਕਿਸੇ ਹੋਰ ਹਸਪਤਾਲ ਦਾਖਲ ਹਨ। ਥਾਣਾ ਕੁਲਗੜੀ ਪੁਲਸ ਵੱਲੋਂ ਦੋਵਾਂ ਧਿਰਾਂ ਦੇ ਬਿਆਨ ਲੈ ਕੇ ਕਾਰਵਾਈ ਕੀਤੀ ਜਾ ਰਹੀ ਹੈ।

# ਵਿਦਿਆਰਥਣ ਨੇ ਸਾਬਕਾ ਕੇਂਦਰੀ ਮੰਤਰੀ ਚਿਨਮਯਾਨੰਦ ਦੇ ਖਿਲਾਫ ਦਿੱਲੀ ਵਿੱਚ ਸ਼ਿਕਾਇਤ ਦਿੱਤੀ

ਸ਼ਾਹਜਹਾਂਪੁਰ, 9 ਸਤੰਬਰ (ਪੋਸਟ ਬਿਊਰੋ)- ਵੀਡੀਓ ਵਾਇਰਲ ਕਰ ਕੇ ਸਾਬਕਾ ਕੇਂਦਰੀ ਮੰਤਰੀ ਸਵਾਮੀ ਚਿਨਮਯਾਨੰਦ 'ਤੇ ਬਲਾਤਕਾਰ ਦਾ ਦੋਸ਼ ਲਾਉਣ ਵਾਲੀ ਵਿਦਿਆਰਥਣ ਨੇ ਦੱਖਣੀ ਦਿੱਲੀ ਥਾਣੇ ਨੂੰ ਸ਼ਿਕਾਇਤ ਦਿੱਤੀ ਹੈ।

ਇਸ ਵਿਦਿਆਰਥਣ ਦੇ ਪਿਤਾ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਸ਼ਿਕਾਇਤ 'ਤੇ ਤਸਕਰਾ (ਘਟਨਾ ਦੀ ਸੂਚਨਾ ਦਰਜ ਕਰਨਾ) ਪਾਉਣ ਪਿੱਛੋਂ ਸ਼ਿਕਾਇਤ ਐੱਸ ਆਈ ਟੀ ਨੂੰ ਟਰਾਂਸਫਰ ਕਰਨ ਦੀ ਗੱਲ ਕਹੀ ਗਈ ਹੈ। ਸਥਾਨਕ ਅਧਿਕਾਰੀ ਕੁਝ ਵੀ ਬੋਲਣ ਤੋਂ ਬਚ ਰਹੇ ਹਨ। ਵਿਦਿਆਰਥਣ ਦੇ ਪਿਤਾ ਨੇ ਦੱਸਿਆ ਕਿ ਉਸ ਦੀ ਬੇਟੀ ਨੇ ਦੱਖਣੀ ਦਿੱਲੀ ਥਾਣੇ ਵਿੱਚ ਸਵਾਮੀ ਚਿਨਮਯਾਨੰਦ ਦੇ ਖਿਲਾਫ ਬਲਾਤਕਾਰ ਦੀ ਸ਼ਿਕਾਇਤ ਦਰਜ ਕਰਾਈ ਸੀ। ਕਿਉਂਕਿ ਜਾਂਚ ਐੱਸ ਆਈ ਟੀ ਕੋਲ ਹੈ, ਇਸ ਲਈ ਉਥੋਂ ਦੀ ਪੁਲਸ ਨੇ ਤਸਕਰਾ ਪਾਉਣ ਮਗਰੋਂ ਸ਼ਿਕਾਇਤ ਐੱਸ ਆਈ ਟੀ ਨੂੰ ਟਰਾਂਸਫਰ ਕਰਨ ਦੀ ਗੱਲ ਕਹੀ। ਜਾਂਚ ਟੀਮ ਵੱਲੋਂ ਕੋਈ ਬਿਆਨ ਨਹੀਂ ਆਇਆ। ਵਿਦਿਆਰਥਣ ਦੇ ਪਿਤਾ ਦੇ



ਅਨੁਸਾਰ ਦੱਖਣੀ ਦਿੱਲੀ ਥਾਣੇ ਵਿੱਚ ਸ਼ਿਕਾਇਤ ਨੂੰ ਰਿਕਾਰਡ ਵਿੱਚ ਲੈਂਦੇ ਹੋਏ ਜੀ ਡੀ (ਜਨਰਲ ਡਾਇਰੀ) ਵਿੱਚ ਸ਼ਿਕਾਇਤ ਬਾਰੇ ਜਾਣਕਾਰੀ ਦਰਜ ਕੀਤੀ ਗਈ ਹੈ। ਇਹ ਅਸਲ ਕੇਸ ਤੋਂ ਅਲੱਗ ਹੈ ਕਿਉਂਕਿ ਇਸ ਵਿੱਚ ਕੇਸ ਦੀ ਜਾਣਕਾਰੀ ਦਰਜ ਕੀਤੀ ਜਾਂਦੀ ਹੈ, ਐੱਫ ਆਈ ਆਰ ਵਿੱਚ ਸੰਬੰਧਤ ਜੁਰਮ ਦੀਆਂ ਧਾਰਾਵਾਂ ਹੁੰਦੀਆਂ ਹਨ। ਕਿਉਂਕਿ ਐੱਸ ਆਈ ਟੀ ਜਾਂਚ ਕਰ ਰਹੀ ਹੈ, ਇਸ ਕਰ ਕੇ ਬਿਆਨ ਦਰਜ ਹੋਣ ਦੇ ਬਾਅਦ ਇਸ ਟੀਮ ਨੇ ਨਿਰਦੇਸ਼ 'ਤੇ ਹੀ ਮੁਕੱਦਮਾ ਦਰਜ ਹੋਵੇਗਾ, ਜੋ ਕਿ ਸ਼ਾਹਜਹਾਂਪੁਰ ਦੀ ਚੌਕ ਕੋਤਵਾਲੀ ਵਿੱਚ ਲਿਖਾਇਆ ਜਾ ਸਕਦਾ ਹੈ। ਵਿਦਿਆਰਥਣ ਇਸੇ ਖੇਤਰ ਦੀ ਰਹਿਣ ਵਾਲੀ ਹੈ।

# ਹਰਿਆਣਾ ਵਿੱਚ ਝੂਠੀ ਸ਼ਾਨ ਦੇ ਨਾਂਅ ਉੱਤੇ ਭੈਣ ਦਾ ਕਤਲ

ਗੋਹਾਨਾ, 9 ਸਤੰਬਰ (ਪੋਸਟ ਬਿਊਰੋ)- ਸਿਟੀ ਥਾਣਾ ਦੇ ਪਿੰਡ ਖੰਦਰਾਈ ਵਿੱਚ ਝੂਠੀ ਸ਼ਾਨ ਲਈ ਇੱਕ ਭਰਾ ਨੇ ਆਪਣੇ ਦੋਸਤਾਂ ਨਾਲ ਮਿਲ ਕੇ ਭੈਣ ਦੀ ਗਲਾ ਵੱਢ ਕੇ ਹੱਤਿਆ ਕਰ ਦਿੱਤੀ। ਇਸ ਬਾਰੇ ਪੁਲਸ ਨੇ ਦੱਸਿਆ ਕਿ ਰਿਤੂ (22) ਨਾਂਅ ਦੀ ਲੜਕੀ ਨੇ ਇੱਕ ਮਹੀਨਾ ਪਹਿਲਾਂ ਘਰੋਂ ਭੱਜ ਕੇ ਪਿੰਡ ਵਿੱਚ ਆਪਣੇ ਮਾਮੇ ਦੇ ਘਰ ਰਹਿੰਦੇ ਅਰਜੁਨ ਨਾਂਅ ਦੇ ਲੜਕੇ ਨਾਲ ਚੰਡੀਗੜ੍ਹ ਜਾ ਕੇ ਵਿਆਹ ਕਰ ਲਿਆ ਸੀ। ਪੁਲਸ ਨੂੰ ਮਿਲੀ ਸ਼ਿਕਾਇਤ ਮੁਤਾਬਕ ਰਿਤੂ ਨੇ ਦੋ ਦਿਨ ਪਹਿਲਾਂ ਆਪਣੀ ਵੱਡੀ ਭੈਣ ਅੰਜਲੀ ਨੂੰ ਫੋਨ ਕਰ ਕੇ ਬਿਮਾਰ ਹੋਣ ਬਾਰੇ ਦੱਸਿਆ ਸੀ, ਜਿਸ 'ਤੇ ਉਸ ਨੇ ਪਿੰਡ ਆ ਕੇ ਇਲਾਜ ਕਰਨ ਦੀ ਗੱਲ ਕਹੀ। ਉਨ੍ਹਾਂ ਨੇ ਦੱਸਿਆ ਕਿ ਰਿਤੂ ਅਰਜੁਨ ਨਾਲ ਆਪਣੇ ਪਿੰਡ ਗੋਹਾਨਾ ਪਹੁੰਚੀ ਤਾਂ ਹਸਪਤਾਲ ਵਿੱਚ ਉਸ ਦਾ ਭਰਾ ਸੰਦੀਪ, ਭਰਾ ਦਾ ਦੋਸਤ ਬੰਟੀ, ਭੈਣ ਅੰਜਲੀ ਅਤੇ ਮਾਂ ਸ਼ਾਮੋ ਨੇ ਉਸ ਨਾਲ ਮੁਲਾਕਾਤ ਕੀਤੀ। ਇਸ ਦੇ ਬਾਅਦ ਅੰਜਲੀ ਉਸ ਨੂੰ ਗੋਲਗੱਪੇ ਖਵਾਉਣ ਦੇ ਨਾਂਅ 'ਤੇ ਬਾਹਰ ਲੈ ਗਈ, ਜਿੱਥੇ ਸੰਦੀਪ ਤੇ ਉਸ ਦੇ ਦੋਸਤਾਂ ਨੇ ਮਿਲ ਕੇ ਰਿਤੂ ਦਾ ਕਤਲ ਕਰ ਦਿੱਤਾ।

# ਹੈਡ ਕਾਂਸਟੇਬਲ ਨੂੰ ਇੱਟਾਂ ਮਾਰ ਕੇ ਮਾਰ ਦਿੱਤਾ ਗਿਆ

ਰੋਹਤਕ, 9 ਸਤੰਬਰ (ਪੋਸਟ ਬਿਊਰੋ)- ਫਰੀਦਾਬਾਦ ਤੋਂ ਰੋਹਤਕ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਵਿੱਚ ਵਿਸ਼ੇਸ਼ ਡਿਊਟੀ ਉਤੇ ਆਏ ਹਵਾਲਦਾਰ ਪ੍ਰਦੀਪ ਦੀ ਕੱਲ੍ਹ ਰਾਤ ਅਣਪਛਾਤੇ ਬਦਮਾਸ਼ਾਂ ਨੇ ਬੋਹਰ ਮਾਜਰਾ ਪਿੰਡ ਵਿਚਲੇ ਕੁਆਟਰ ਵਿੱਚ ਇੱਟਾਂ ਨਾਲ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ ਅਤੇ ਇਕ ਕੱਚ ਦੀ ਟੁੱਟੀ ਸ਼ੀਸ਼ੀ ਨਾਲ ਢਿੱਡ ਵਿੱਚ ਕਈ ਵਾਰ ਵੀ ਕੀਤੇ ਗਏ ਸਨ, ਜਿਸ ਨਾਲ ਉਹ ਲਹੂ ਲੁਹਾਨ ਪਿਆ ਸੀ।

ਇਸ ਘਟਨਾ ਦਾ ਖੁਲਾਸਾ ਕੱਲ੍ਹ ਸਵੇਰੇ ਹੋਇਆ। ਸੂਚਨਾ ਮਿਲਦੇ ਸਾਰ ਪੁਲਸ ਅਤੇ ਸੀ ਆਈ ਏ ਦੀ ਟੀਮ ਘਟਨਾ ਸਥਾਨ 'ਤੇ ਪਹੁੰਚੀ। ਪੁਲਸ ਨੇ ਪਰਵਾਰਕ ਮੈਂਬਰਾਂ ਦੀ ਸ਼ਿਕਾਇਤ ਉੱਤੇ ਅਣਪਛਾਤਿਆਂ 'ਤੇ ਹੱਤਿਆ ਤੇ ਹੋਰ ਧਾਰਾਵਾਂ ਦਾ ਕੇਸ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਮੁਤਾ-ਬਕ ਗੁਰੂਗ੍ਰਾਮ ਜ਼ਿਲੇ ਦੇ ਪਿੰਡ ਬਜਖੇੜਾ ਪਿੰਡ ਦਾ ਪ੍ਰਦੀਪ ਕੁਮਾਰ ਇਸ ਸਮੇਂ ਫਰੀਦਾਬਾਦ ਦੇ ਬੁਪਾਨੀ ਥਾਣੇ ਵਿੱਚ ਹੈਡ ਕਾਂਸਟੇਬਲ ਸੀ। ਪਰਸੋਂ ਸ਼ਾਮ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਰੈਲੀ ਵਿੱਚ ਸਪੈਸ਼ਲ ਡਿਊਟੀ ਲਈ ਇਥੇ ਪੁੱਜਾ ਸੀ ਅਤੇ ਸ਼ਹਿਰ ਦੇ ਨੇੜੇ ਪਿੰਡ ਬੋਹਰ ਮਾਜਰਾ ਵਿੱਚ ਬਣੇ ਕੁਆਟਰ ਵਿੱਚ ਆਪਣੇ ਤਿੰਨ ਹੋਰ ਸਾਥੀਆਂ ਨਾਲ ਰੁਕਿਆ ਸੀ। ਰਾਤ ਨੂੰ ਅਣਪਛਾਤੇ ਦੋਸ਼ੀਆਂ ਨੇ ਪ੍ਰਦੀਪ ਦਾ ਇੱਟਾਂ ਨਾਲ ਕੁੱਟ-ਕੁੱਟ ਕੇ ਅਤੇ ਕੱਚ ਦੀ ਬੋਤਲ ਮਾਰ ਕੇ ਕਤਲ ਕਰ ਦਿੱਤਾ। ਸਵੇਰੇ ਕਰੀਬ 9 ਵਜੇ ਨੇੜਲੇ ਲੋਕਾਂ ਨੇ ਕੁਆਰਟਰ ਦੇ ਅੰਦਰ ਲਾਸ਼ ਪਈ ਦੇਖੀ। ਹੱਤਿਆ ਕਿਉਂ ਕੀਤੀ ਗਈ, ਇਸ ਦਾ ਅਜੇ ਤੱਕ ਖੁਲਾਸਾ ਨਹੀਂ ਹੋ ਸਕਿਆ।

# ਤਿੰਨ ਸਾਲਾ ਬੱਚੇ ਨੂੰ ਮੋਬਾਈਲ ਫੋਨ ਦੀ ਏਨੀ ਆਦਤ ਕਿ ਟਾਇਲਟ ਵੀ ਨਹੀਂ ਜਾਂਦਾ

ਬਰੇਲੀ, 9 ਸਤੰਬਰ (ਪੋਸਟ ਬਿਊਰੋ)- ਨੌਜਵਾਨਾਂ ਅਤੇ ਸਕੂਲੀ ਬੱਚਿਆਂ ਨੂੰ ਮੋਬਾਈਲ ਦੀ ਆਦਤ ਲੱਗਣ ਬਾਰੇ ਅਕਸਰ ਸੁਣਿਆ ਗਿਆ ਹੈ, ਪਰ ਯੂ ਪੀ ਵਿੱਚ ਬਰੇਲੀ ਦੇ ਜ਼ਿਲਾ ਹਸਪਤਾਲ ਵਿੱਚ ਅਜਿਹਾ ਮਾਮਲਾ ਸਾਹਮਣੇ ਆਇਆ ਹੈ ਜਿਸ ਨੂੰ ਸੁਣ ਕੇ ਆਮ ਲੋਕਾਂ ਦੇ ਕੀ, ਡਾਕਟਰਾਂ ਤੱਕ ਦੇ ਹੋਸ਼ ਵੀ ਉਡ ਗਏ। ਇਥੇ ਇਕ ਮਾਂ ਆਪਣੇ ਤਿੰਨ ਸਾਲ ਦੇ ਉਮਰ ਦੇ ਬੱਚੇ ਨੂੰ ਕੌਂਸਲਿੰਗ ਸੈਂਟਰ ਵਿੱਚ ਲੈ ਕੇ ਆਈ, ਕਿਉਂਕਿ ਉਸ ਦਾ ਬੱਚਾ ਮੋਬਾਈਲ ਫੋਨ ਦਾ ਇੰਨਾ ਆਦੀ ਹੋ ਚੁੱਕਾ ਸੀ ਕਿ ਉਹ ਟਾਇਲਟ ਵੀ ਨਹੀਂ ਜਾਂਦਾ। ਇਹ ਬੱਚਾ ਦਿਨ ਵਿੱਚ ਕਰੀਬ ਅੱਠ ਘੰਟੇ ਡੋਰੇਮੋਨ ਅਤੇ ਮੋਟੂ ਪਤਲੂ ਦੇਖਦਾ ਸੀ। ਇਸ ਬੱਚੇ ਨੂੰ ਉਸ ਦੀ ਮਾਂ ਘਰ ਦੇ ਕੰਮ ਕਰਨ ਵੇਲੇ ਮੋਬਾਈਲ ਫੋਨ ਫੜਾ ਦਿੰਦੀ ਸੀ। ਕੌਂਸਲਿੰਗ ਸੈਂਟਰ ਵਿੱਚ ਦੋ ਮਹੀਨੇ ਵਿੱਚ ਅਜਿਹੇ 39 ਕੇਸ ਸਾਹਮਣੇ ਆ ਚੁੱਕੇ ਹਨ, ਜਿਥੇ 10 ਤੋਂ 18 ਸਾਲ ਦੇ ਬੱਚਿਆਂ ਨੂੰ ਮੋਬਾਈਲ ਫੋਨ ਦੀ ਲਤ ਲੱਗ ਚੁੱਕੀ ਹੈ। ਜ਼ਿਲਾ ਹਸਪਤਾਲ ਦੇ ਡਾ. ਆਸ਼ੀਸ਼ ਕੁਮਾਰ ਦਾ ਕਹਿਣਾ ਹੈ ਕਿ ਮਾਤਾ ਪਿਤਾ ਅਕਸਰ ਬੱਚਿਆਂ ਨੂੰ ਛੋਟੀ ਉਮਰ ਵਿੱਚ ਮੋਬਾਈਲ ਫੋਨ ਫੜਾ ਦਿੰਦੇ ਹਨ ਤਾਂ ਕਿ ਬੱਚੇ ਉਨ੍ਹਾਂ ਦੇ ਕੰਮ ਨੂੰ ਡਿਸਟਰਬ ਨਾ ਕਰਨ। ਬਾਅਦ ਵਿੱਚ ਇਹ ਲਤ ਬਣ ਜਾਂਦੀ ਹੈ ਅਤੇ ਬੱਚਿਆਂ ਦੇ ਬਿਹੇਵੀਅਰ 'ਤੇ ਅਸਰ ਪਾਉਂਦੀ ਹੈ। ਸਾਈਕਲਾਜਿਸਟ ਖੁਸ਼ ਅਦਾ ਨੇ ਦੱਸਿਆ ਕਿ ਪੈਰੇਂਟ੍ਰਸ ਨੂੰ ਬੱਚਿਆਂ ਨੂੰ ਮੋਬਾਈਲ ਫੋਨ ਦੇਣ ਤੋਂ ਬਚਣਾ ਚਾਹੀਦਾ।




## ਲੜਕੀ ਦੀ ਲੋੜ

